
ਅਕਾਲੀ ਲਹਿਰ ਦਾ ਕਲਾਮ

ਹਰਜਿੰਦਰ ਸਿੰਘ ਦਿਲਗੀਰ



ਅਕਾਲੀ ਲਹਿਰ ਦਾ ਕਲਾਮ

ਡਾ. ਹਰਜਿੰਦਰ ਸਿੰਘ ਦਿਲਗੀਰ

1998

AKALI LEHAR DA KALAAM

(The Poetry of the Akali Movement, 1920-26)

Dr. Harjinder Singh Dilgeer
Ph.D., M.Phil., LL.B., Adi Granth Acharya,
M.A. (Philosophy, Punjabi, English), Dip. G.Phil.

ISBN 0-9695964-5-6

First Edition : 1998

Published by :
THE SIKH EDUCATIONAL TRUST
P.O.Box 60246,
University of Alberta Postal Outlet,
Edmonton, Alberta, T6G.2S5.
Canada.
In collaboration with :
THE SIKH UNIVERSITY CENTRE
P.O.Box 1103,
DK-2635, Ishoj, Denmark.
Typesetters :
K.G. GRAPHICS
98, City Centre
Amritsar.
Printed at :
PRINTWELL
146, Indl. Focal Point,
Amritsar.
Available from :
SINGH BROTHERS
Bazar Mai Sewan,
Amritsar-143 006

Price : Rs. 100-00

ਸਿਰਦਾਰਨੀ
ਗੁਨਿੰਦਰ ਕੌਰ
ਦੇ ਨਾਂ

ਤਤਕਰਾ

ਪੇਸ਼ਕਾਰੀ

ਅਕਾਲੀ ਲਹਿਰ ਦਾ ਕਲਾਮ ਕਿਤਾਬ ਦੀ ਬਹੁਤੀ ਸਮੱਗਰੀ ਮੈਂ 1977 ਤੋਂ 1983 ਵਿਚਕਾਰ ਇਕੱਠੀ ਕੀਤੀ ਸੀ, ਪਰ ਇਸ ਨੂੰ ਛਪਣ ਵਿਚ 14 ਸਾਲ ਲੱਗ ਗਏ। ਇਨ੍ਹਾਂ 14 ਸਾਲਾਂ ਵਿਚ ਮੈਂ ਹੋਰਨਾਂ ਨੁਕਤਿਆਂ ਨੂੰ ਪਹਿਲ ਦਿੱਤੀ, ਜਿਸ ਕਰਕੇ ਇਸ ਕੀਮਤੀ ਖ਼ਜ਼ਾਨੇ ਨੂੰ ਪਾਠਕਾਂ ਤਕ ਪਹੁੰਚਾਉਣ ਵਿਚ ਦੇਰੀ ਹੋ ਗਈ। ਖ਼ੈਰ, ਦੇਰ ਆਏ ਦਰੁਸਤ ਆਏ।

ਇਸ ਕਿਤਾਬ ਦੀ ਤਿਆਰੀ ਤੋਂ ਛਪਾਈ ਤਕ ਕੁਝ ਸੱਜਣ ਮੇਰੇ 'ਤੇ ਚੋਖੇ ਮਿਹਰਬਾਨ ਰਹੇ, ਉਨ੍ਹਾਂ ਦਾ ਸ਼ੁਕਰੀਆ ਕਰਨਾ ਮੇਰਾ ਫ਼ਰਜ਼ ਹੈ। ਮੈਂ ਤਹਿ-ਦਿਲੋਂ ਸ਼ੁਕਰ ਗੁਜ਼ਾਰ ਹਾਂ— ਪ੍ਰੋ. ਹਰਬੰਸ ਸਿੰਘ (ਪਟਿਆਲਾ), ਡਾਕਟਰ ਦਰਸ਼ਨ ਸਿੰਘ (ਚੰਡੀਗੜ੍ਹ), ਪ੍ਰੋ. ਪਰਕਾਸ਼ ਕੌਰ (ਚੰਡੀਗੜ੍ਹ), ਸਿਰਦਾਰ ਹਰਸਿਮਰਨ ਸਿੰਘ (ਆਨੰਦਪੁਰ ਸਾਹਿਬ), ਸਿਰਦਾਰ ਅਮੋਲਕ ਸਿੰਘ (ਚੰਡੀਗੜ੍ਹ), ਡਾਕਟਰ ਰਘਬੀਰ ਸਿੰਘ (ਚੰਡੀਗੜ੍ਹ), ਸਿਰਦਾਰ ਬਲਬੀਰ ਸਿੰਘ ਗੂੰਬਰ ਐਡਵੋਕੇਟ (ਜਲੰਧਰ), ਸਿਰਦਾਰ ਅਵਤਾਰ ਸਿੰਘ ਐਡਵੋਕੇਟ (ਜਲਾਲਾਬਾਦ ਵੈਸਟ), ਬੀਬੀ ਪਰਮਿੰਦਰ ਕੌਰ ਸੰਧੂ ਅਤੇ ਹੋਰ ਸਾਰਿਆਂ ਦਾ, ਜਿਨ੍ਹਾਂ ਦੇ ਨਾਂ ਏਥੇ ਨਹੀਂ ਆ ਸਕੇ।

ਬੀਤੇ ਸਾਲਾਂ ਵਿਚ ਡਾਕਟਰ ਅਵਤਾਰ ਸਿੰਘ ਸੇਖੋਂ (ਐਡਮੰਟਨ, ਕੈਨੇਡਾ), ਗਿਆਨੀ ਕੇਸਰ ਸਿੰਘ ਨਾਵਲਿਸਟ (ਸਰੀ, ਕੈਨੇਡਾ), ਸਿਰਦਾਰ ਜੋਗਿੰਦਰ ਸਿੰਘ (ਵਿਨੀਪੈੱਗ, ਕੈਨੇਡਾ), ਸਿਰਦਾਰ ਮਨੋਹਰ ਸਿੰਘ ਮਾਰਕੋ (ਨਿਊਯਾਰਕ, ਅਮਰੀਕਾ), ਸਿਰਦਾਰ ਸੁਰਜੀਤ ਸਿੰਘ ਛਦੌੜੀ (ਬੈਲਜੀਅਮ), ਸਿਰਦਾਰ ਰਘਬੀਰ ਸਿੰਘ ਰਾਮਾ (ਐਡਮੰਟਨ, ਕੈਨੇਡਾ) ਦੀ ਦੋਸਤੀ ਮੇਰਾ ਵੱਡਾ ਖ਼ਜ਼ਾਨਾ ਰਹੀ ਹੈ। ਉਨ੍ਹਾਂ ਦਾ ਵੀ ਮਸ਼ਕੂਰ ਹਾਂ।

ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਾਲਿਆਂ ਦਾ ਤਹਿ-ਦਿਲੋਂ ਸ਼ੁਕਰੀਆ ਕਰਨਾ ਮੇਰਾ ਫ਼ਰਜ਼ ਹੈ। ਉਨ੍ਹਾਂ ਸਦਕਾ ਇਹ ਕਿਤਾਬ ਪਾਠਕਾਂ ਤਕ ਪਹੁੰਚ ਸਕੀ ਹੈ।


—ਹਰਜਿੰਦਰ ਸਿੰਘ ਦਿਲਗੀਰ

ਕੋਪਨਹੇਗਨ (ਡੈਨਮਾਰਕ)

6 ਮਈ 1997

ਅਕਾਲੀ ਲਹਿਰ ਦਾ ਕਲਾਮ

ਹਰਜਿੰਦਰ ਸਿੰਘ ਦਿਲਗੀਰ



ਅਕਾਲੀ ਲਹਿਰ ਦਾ ਕਲਾਮ

ਪੰਜਾਬੀ ਬੋਲੀ ਵਿਚ ਸਭ ਤੋਂ ਵੱਧ ਕਲਾਮ, ਸ਼ਾਇਦ, ਅਕਾਲੀ ਲਹਿਰ (ਗੁਰਦੁਆਰਾ ਸੁਧਾਰ ਲਹਿਰ) ਬਾਰੇ ਲਿਖਿਆ ਗਿਆ ਹੈ। ਅਕਾਲੀ ਲਹਿਰ ਗੁਰਦੁਆਰਿਆਂ ਨੂੰ ਅੱਯਾਸ਼, ਕੁਰੱਪਟ ਤੇ ਗੁਨਾਹ ਦੀ ਜ਼ਿੰਦਗੀ ਜੀਣ ਵਾਲੇ ਮਹੰਤਾਂ ਤੋਂ ਆਜ਼ਾਦ ਕਰਵਾਉਣ ਵਾਸਤੇ 1920 ਵਿਚ ਸ਼ੁਰੂ ਹੋਈ ਸੀ ਅਤੇ 1925-26 ਵਿਚ ਗੁਰਦੁਆਰਾ ਐਕਟ ਬਣਨ ਮਗਰੋਂ ਖ਼ਤਮ ਹੋਈ ਸੀ।

ਅਕਾਲੀ ਲਹਿਰ ਦੌਰਾਨ ਬਾਬੇ ਦੀ ਬੇਰ (ਸਿਆਲਕੋਟ), ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਪੰਜਾ ਸਾਹਿਬ, ਮੁਕਤਸਰ, ਨਾਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਮੋਰਚੇ ਲੱਗੇ। ਇਸ ਤੋਂ ਇਲਾਵਾ ਚਾਬੀਆਂ ਦਾ ਮੋਰਚਾ, ਕਿਰਪਾਨ 'ਤੇ ਪਾਬੰਦੀ ਦੀ ਮੁਖ਼ਾਲਫ਼ਤ, ਜੈਤੋ ਵਿਚ ਅਖੰਡ ਪਾਠ ਜਾਰੀ ਕਰਵਾਉਣ ਵਾਸਤੇ ਵੀ ਜੱਦੋ-ਜਹਿਦ ਕਰਨੀ ਪਈ। ਇਨ੍ਹੀਂ ਦਿਨੀਂ ਹੀ ਮਹਾਰਾਜਾ ਰਿਪੁਦਮਨ ਸਿੰਘ (ਨਾਭਾ) ਨੂੰ ਗੱਦੀ ਤੋਂ ਹਟਾਉਣ ਦੇ ਖ਼ਿਲਾਫ਼ ਵੀ ਜੱਦੋ-ਜਹਿਦ ਹੋਈ।

ਇਨ੍ਹਾਂ ਸਾਰੇ ਮੋਰਚਿਆਂ ਦੇ ਬਾਰੇ ਮਸ਼ਹੂਰ ਸ਼ਾਇਰਾਂ ਦੇ ਨਾਲ ਨਾਲ ਜੋਸ਼ੀਲੇ ਵਰਕਰਜ਼ ਅਤੇ ਆਮ ਸਿੱਖਾਂ ਨੇ ਵੀ ਨਜ਼ਮਾਂ ਲਿਖੀਆਂ। ਅਕਾਲੀ, ਅਕਾਲੀ ਤੇ ਪ੍ਰਦੇਸੀ, ਬੱਬਰ ਸ਼ੇਰ, ਪੰਚ, ਪੰਜਾਬ ਦਰਪਣ, ਪਰਦੇਸੀ ਖ਼ਾਲਸਾ ਅਤੇ ਹੋਰ ਕਈ ਪਰਚਿਆਂ ਵਿਚ ਬਹੁਤ ਸਾਰੀਆਂ ਨਜ਼ਮਾਂ ਛਪਦੀਆਂ ਰਹਿੰਦੀਆਂ ਸਨ। ਇਸ ਤੋਂ ਇਲਾਵਾ ਕੁਝ ਟਰੈਕਟ ਅਤੇ ਨਿੱਕੀਆਂ ਨਿੱਕੀਆਂ ਕਿਤਾਬਾਂ ਵੀ ਛਪੀਆਂ। ਇਨ੍ਹਾਂ ਵਿਚੋਂ ਕਈ ਨਜ਼ਮਾਂ ਨੂੰ 'ਅਕਾਲੀ ਗੂੰਜ' ਨਾਂ ਦੀ ਕਿਤਾਬ ਵਿਚ ਛਾਪ ਦਿੱਤਾ ਗਿਆ ਸੀ। ਇਹ ਕਿਤਾਬ ਬਰਤਾਨਵੀ ਸਰਕਾਰ ਨੇ ਜ਼ਬਤ ਕਰ ਲਈ ਸੀ। ਹੋਰ ਨਿੱਕੇ ਕਿਤਾਬਚੇ ਵੀ ਜ਼ਬਤ ਕੀਤੇ ਗਏ ਸਨ। ਕਈ ਅਖ਼ਬਾਰਾਂ ਨੂੰ ਇਹ ਨਜ਼ਮਾਂ ਛਾਪਣ 'ਤੇ ਜੁਰਮਾਨੇ ਵੀ ਕੀਤੇ ਗਏ ਸਨ।

ਮੈਂ ਇਨ੍ਹਾਂ ਵਿਚੋਂ ਕੁਝ ਨਜ਼ਮਾਂ ਹਾਸਲ ਕਰ ਸਕਿਆ ਹਾਂ। ਇਹ ਸਾਰੀਆਂ ਕੁਲ ਨਜ਼ਮਾਂ ਦਾ ਇਕ ਨਿੱਕਾ ਜਿਹਾ ਹਿੱਸਾ ਹੈ। ਅਕਾਲੀ ਲਹਿਰ ਬਾਰੇ ਸੈਂਕੜੇ ਨਜ਼ਮਾਂ ਲਿਖੀਆਂ ਗਈਆਂ ਸਨ।

ਅਕਾਲੀ ਲਹਿਰ ਦੀ ਸਭ ਤੋਂ ਪਹਿਲੀ ਨਜ਼ਮ ਗਿਆਨੀ ਹੀਰਾ ਸਿੰਘ ਦਰਦ ਦੀ ਮੰਨੀ ਜਾਏਗੀ। ਇਹ ਨਜ਼ਮ 'ਅਕਾਲੀ' ਅਖ਼ਬਾਰ ਬਾਰੇ, ਅਖ਼ਬਾਰ ਦੇ ਪਹਿਲੇ ਪਰਚੇ ਵਿਚ, 21 ਮਈ 1920 ਦੇ ਦਿਨ ਛਪੀ ਸੀ। ਇਸ ਵਿਚ 'ਅਕਾਲੀ' ਅਖ਼ਬਾਰ ਨੂੰ ਅਕਾਲੀ ਫੂਲਾ ਸਿੰਘ ਨਾਲ ਤਸ਼ਬੀਹ ਦਿੱਤੀ ਹੋਈ ਸੀ:

ਅੱਖਾਂ ਖੋਲ੍ਹੋ ਵਿੱਲੜ ਵੀਰੋ,
ਆ ਗਿਆ ਫੇਰ ਅਕਾਲੀ ਜੇ।
ਝੰਡਾ ਫੜਿਆ ਹੱਥ ਸੱਚ ਦਾ,
ਜੋਤ ਮਾਰਦੀ ਲਾਲੀ ਜੇ।

'ਅਕਾਲੀ' ਅਖ਼ਬਾਰ ਦੀ ਤਾਰੀਫ਼ ਵਿਚ ਹੋਰ ਵੀ ਬਹੁਤ ਸਾਰੀਆਂ ਨਜ਼ਮਾਂ ਲਿਖੀਆਂ ਗਈਆਂ ਸਨ।

ਉਨ੍ਹੀਂ ਦਿਨੀਂ 'ਅਕਾਲੀ' ਤੋਂ ਇਲਾਵਾ 'ਪੰਚ' ਤੇ 'ਪ੍ਰਦੇਸੀ ਖ਼ਾਲਸਾ' ਵੀ ਛਪਦੇ ਸਨ। ਉਨ੍ਹਾਂ ਵਿਚ ਵੀ ਧਾਰਮਿਕ ਨਜ਼ਮਾਂ ਛਪਦੀਆਂ ਰਹਿੰਦੀਆਂ ਸਨ। ਦੀਵਾਨਾਂ ਵਿਚ ਵੀ ਧਾਰਮਿਕ ਨਜ਼ਮਾਂ ਪੜ੍ਹੀਆਂ ਜਾਂਦੀਆਂ ਸਨ। ਇਤਫ਼ਾਕ ਦੀ ਗੱਲ ਇਹ ਹੈ ਕਿ ਗੁਰਦੁਆਰਿਆਂ ਦੀ ਹਾਲਤ ਬਾਰੇ ਸਭ ਤੋਂ ਪਹਿਲੀਆਂ ਨਜ਼ਮਾਂ ਵਿਚੋਂ ਇਕ ਨਜ਼ਮ ਬੀਬੀ ਰਤਨ ਕੌਰ ਨੇ ਵੀ ਲਿਖੀ ਸੀ। ਉਨ੍ਹਾਂ ਦਿਨਾਂ

ਵਿਚ ਬੀਬੀਆਂ ਵੱਲੋਂ ਸ਼ਾਇਰੀ ਕੀਤੇ ਜਾਣਾ ਅਨੋਖੀ ਗੱਲ ਸੀ। ਬੀਬੀ ਰਤਨ ਕੌਰ ਗੁਰਦੁਆਰਾ ਸੁਧਾਰ ਲਹਿਰ ਦੇ ਇਕ ਮਸ਼ਹੂਰ ਆਗੂ ਭਾਈ ਅਰਜਨ ਸਿੰਘ ਧੀਰਕੇ ਦੀ ਬੇਟੀ ਸੀ। ਉਸ ਨੇ ਇਹ ਨਜ਼ਮ ਸੈਂਟਰਲ ਖ਼ਾਲਸਾ ਮਾਝਾ ਦੀਵਾਨ ਦੇ ਸਾਲਾਨਾ ਦੀਵਾਨ (1920) ਵਿਚ ਪੜ੍ਹੀ ਸੀ:

ਹੇ ਵਾਹਿਗੁਰੂ ਜਗਤ ਦੇ ਕਰਨ ਕਾਰਨ,
ਹੱਥ ਜੋੜ ਕੇ ਬੱਚੀ ਇਹ ਅਰਦਾਸ ਕਰਦੀ।
ਚੱਕਰ ਸਮੇਂ ਦਾ ਫੇਰਿਆ ਆਪ ਸਤਿਗੁਰ,
ਵਿਚ ਪੰਥ ਦੇ ਹੋਈ ਹਨੇਰ ਗਰਦੀ।

ਬੀਬੀ ਰਤਨ ਕੌਰ ਦੀ ਇਸ ਨਜ਼ਮ ਵਿਚ ਗੁਰਦੁਆਰਿਆਂ ਦੀ ਮੰਦੀ ਹਾਲਤ ਦਾ ਜ਼ਿਕਰ ਹੈ, ਮਹੰਤਾਂ ਦੇ ਇਖ਼ਲਾਕ ਵੱਲ ਇਸ਼ਾਰਾ ਹੈ ਅਤੇ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹੇ ਜਾਣ (14 ਜਨਵਰੀ 1914) ਦੀ ਯਾਦ ਦਿਵਾਈ ਹੋਈ ਹੈ। ਇਸ ਵਿਚ ਮੱਸਾ ਰੰਘੜ ਦਾ ਸਿਰ ਵੱਢਣ ਵਾਲੇ ਭਾਈ ਮਹਿਤਾਬ ਸਿੰਘ ਦੇ ਕਾਰਨਾਮੇ ਵੱਲ ਇਸ਼ਾਰਾ ਕਰ ਕੇ ਕੌਮ ਨੂੰ ਵੰਗਾਰਿਆ ਹੋਇਆ ਹੈ।

6 ਅਕਤੂਬਰ 1920 ਦੇ 'ਪੰਚ' ਵਿਚ ਛਪੀ ਭਾਈ ਨਿਰੰਜਨ ਸਿੰਘ ਦੀ ਨਜ਼ਮ ਵਿਚ ਪਤਿਤ ਸਰਬਰਾਹ ਗੰਡਾ ਸਿੰਘ ਅਤੇ ਹੋਰ ਕੁਰੱਪਟ ਤੇ ਅੱਯਾਸ਼ ਮਹੰਤਾਂ ਦੀਆਂ ਕਾਰਵਾਈਆਂ ਦਾ ਤਫ਼ਸੀਲ ਨਾਲ ਜ਼ਿਕਰ ਕੀਤਾ ਹੋਇਆ ਹੈ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਨਜ਼ਮਾਂ ਛਪੀਆਂ ਹੋਣਗੀਆਂ।

10 ਤੋਂ 12 ਅਕਤੂਬਰ 1920 ਦੇ ਦਿਨ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਵਿਚ ਖ਼ਾਲਸਾ ਬਰਾਦਰੀ ਵੱਲੋਂ ਇਕ ਦੀਵਾਨ ਸਜਾਇਆ ਗਿਆ ਸੀ। ਇਸ ਵਿਚ ਅਖੌਤੀ ਛੋਟੀਆਂ ਜ਼ਾਤਾਂ ਦੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ ਸੀ। ਇਸ ਦੀਵਾਨ ਵਾਸਤੇ ਛਾਪੇ ਗਏ ਇਸ਼ਤਿਹਾਰ ਵਿਚ ਵੀ ਇਕ ਨਜ਼ਮ ਸੀ। ਇਸ ਨਜ਼ਮ ਦਾ ਲੇਖਕ ਕੌਣ ਸੀ, ਇਹ ਪਤਾ ਨਹੀਂ ਲੱਗਦਾ। ਇੰਜ ਹੀ ਸ਼ਹੀਦੀ ਜਥਿਆਂ ਦੇ ਸੰਦੇਸ਼ ਦੇ ਲੇਖਕ ਕੌਣ ਸਨ, ਬਾਰੇ ਵੀ ਕੁਝ ਨਹੀਂ ਆਖਿਆ ਜਾ ਸਕਦਾ।

ਗੁਰਦੁਆਰਾ ਸੁਧਾਰ ਲਹਿਰ ਵਿਚ ਸਭ ਤੋਂ ਵੱਧ ਸ਼ਹੀਦੀਆਂ ਨਾਨਕਾਣਾ ਸਾਹਿਬ ਵਿਚ 20 ਫ਼ਰਵਰੀ 1921 ਦੇ ਦਿਨ ਹੋਈਆਂ ਸਨ। ਸਭ ਤੋਂ ਪਹਿਲੀ ਨਜ਼ਮ ਕੁਝ ਹੀ ਦਿਨਾਂ ਮਗਰੋਂ ਸਿਰਦਾਰ ਬਿਸ਼ਨ ਸਿੰਘ ਚਕਵਾਲ ਦੀ ਲਿਖੀ ਛਪੀ ਸੀ। ਇਸ ਨਜ਼ਮ ਵਿਚ ਸਾਕੇ ਦਾ ਜ਼ਿਕਰ ਭਾਵੇਂ ਥੋੜ੍ਹੀਆਂ ਲਾਈਨਾਂ ਵਿਚ ਹੈ ਪਰ ਹੈਰਤ, ਦੁੱਖ, ਰੰਜ ਦੇ ਨਾਲ ਨਾਲ ਜ਼ੁਲਮ ਤੇ ਦਹਿਸ਼ਤ ਦੀ ਪੇਸ਼ਕਾਰੀ ਵਧੇਰੇ ਹੈ। ਇਸ ਦੇ ਨਾਲ ਨਾਲ ਕਤਲੇਆਮ ਕਰਨ ਤੇ ਕਰਵਾਉਣ ਵਾਲੇ ਮਹੰਤ ਦੇ ਘਟੀਆ ਇਖ਼ਲਾਕ ਦਾ ਜ਼ਿਕਰ ਵੀ ਕਾਫ਼ੀ ਕੀਤਾ ਹੋਇਆ ਹੈ।

ਇਸ ਬਾਰੇ ਇਕ ਨਜ਼ਮ ਸਿਰਦਾਰ ਸੰਤੋਖ ਸਿੰਘ ਦੀ ਵੀ ਛਪੀ ਸੀ। ਇਸ ਵਿਚ ਦਰਦ, ਪਿਆਰ, ਸੋਜ਼, ਜਜ਼ਬਾਤ ਦੀ ਨਿੱਘੀ ਪੇਸ਼ਕਾਰੀ ਹੈ। ਉਨ੍ਹਾਂ ਨੇ ਇਕ ਹੋਰ ਨਜ਼ਮ ਕੁਰੱਪਟ ਮਹੰਤ ਦੇ ਘਟੀਆ ਇਖ਼ਲਾਕ ਬਾਰੇ ਵੀ ਲਿਖੀ ਸੀ। ਪਰਦੇਸਾਂ ਵਿਚ ਬੈਠੇ ਸਿੱਖਾਂ 'ਤੇ ਵੀ ਇਸ ਕਤਲੇਆਮ ਦਾ ਬਹੁਤ ਅਸਰ ਹੋਇਆ ਸੀ। ਮਲੇਸ਼ੀਆ ਦੇ ਭਾਈ ਕਰਮ ਸਿੰਘ ਪਰਦੇਸੀ ਨੇ ਸ਼ਹੀਦ ਭਾਈ ਲਛਮਣ ਸਿੰਘ ਨੂੰ ਸ਼ਰਧਾਂਜਲੀ ਵਜੋਂ ਇਕ ਨਜ਼ਮ ਲਿਖੀ ਸੀ। ਇਸ ਵਿਚ ਸਾਕੇ ਦੀ ਬਜਾਇ ਕੌਮ ਦੀ ਆਜ਼ਾਦੀ ਤੇ ਪੰਥ ਵਾਸਤੇ ਕੁਰਬਾਨੀ ਦੀ ਤਾਂਘ ਦਾ ਜ਼ਿਕਰ ਵਧੇਰੇ ਹੈ। ਬੀਬੀ ਗੁਰਬੁੱਧ ਕੌਰ ਨੇ ਵੀ ਇਸ ਸਾਕੇ ਬਾਰੇ ਇਕ ਨਜ਼ਮ ਲਿਖੀ ਸੀ।

21 ਫ਼ਰਵਰੀ 1921 ਦੇ ਦਿਨ ਨਾਨਕਾਣਾ ਸਾਹਿਬ ਨੂੰ ਪੰਥ ਦੇ ਹਵਾਲੇ ਤਾਂ ਕਰ ਦਿੱਤਾ ਗਿਆ ਪਰ ਕੁਝ ਚਿਰ ਮਗਰੋਂ ਹੀ ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ ਤੇ ਜਥੇਦਾਰ ਤਾਰਾ ਸਿੰਘ ਠੇਠਰ ਨੂੰ ਜਬਰੀ ਕਬਜ਼ਾ ਕਰਨ ਦੇ ਨਾਂ 'ਤੇ ਚੋਰੀ ਡਾਕੇ ਦੇ ਕੇਸ ਚਲਾ ਕੇ 18, 9 ਤੇ 11 ਸਾਲ (ਤਰਤੀਬਵਾਰ) ਕੈਦ ਦੀ ਸਜ਼ਾ ਦਿੱਤੀ। ਇਨ੍ਹਾਂ ਤੋਂ ਇਲਾਵਾ ਸਿਰਦਾਰ ਉੱਤਮ ਸਿੰਘ ਕਾਰਖ਼ਾਨੇਦਾਰ ਤੇ ਸਿਰਦਾਰ ਅਮਰ ਸਿੰਘ ਝਬਾਲ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਇਸ ਬਾਰੇ ਵੀ ਇਕ ਨਜ਼ਮ 'ਰਾਹੀ' ਨੇ ਲਿਖੀ ਸੀ। ਇਸ ਨਜ਼ਮ ਵਿਚ ਸਿੱਖਾਂ ਦੇ ਸਿਰੜ ਦਾ ਜਜ਼ਬਾਤੀ ਇਜ਼ਹਾਰ ਕੀਤਾ ਗਿਆ ਸੀ:

ਧਰਮ ਮੰਗਦਾ, ਕੈਦ ਤੇ ਫ਼ਾਸੀਆਂ ਜੇ,
ਰਲ ਕੇ ਜੇਲ੍ਹ-ਖ਼ਾਨੇ ਸਾਰੇ ਭਰ ਦੇਈਏ।

....

ਗੋਲੀ ਮਾਰ ਕੇ ਜੇ ਕਿਸੇ ਤ੍ਰਿਪਤ ਹੋਣਾ,
'ਬੱਤੀ ਲੱਖ ਛਾਤੀ' ਅੱਗੇ ਡਾਹ ਦੇਈਏ।

ਸਿਰਦਾਰ ਸੰਤੋਖ ਸਿੰਘ ਨੇ ਵੀ ਇਸ ਬਾਰੇ 'ਅਕਾਲੀ: ਫ਼ਰਿਸ਼ਤੇ ਕਿ ਡਾਕੂ' ਨਜ਼ਮ ਲਿਖੀ ਸੀ।

1922 ਵਿਚ ਬਰਤਾਨਵੀ ਸਰਕਾਰ ਨੇ 'ਕਿਰਪਾਨ' 'ਤੇ ਪਾਬੰਦੀ ਲਾ ਦਿੱਤੀ। ਫਿਰ 'ਕਿਰਪਾਨ' ਦੇ ਸਾਈਜ਼ ਦਾ ਮਸਲਾ ਛੇੜ ਦਿੱਤਾ। ਇਸ ਬਾਰੇ ਵੀ ਬਹੁਤ ਸ਼ਾਇਰਾਂ ਨੇ ਨਜ਼ਮਾਂ ਲਿਖੀਆਂ। ਇਨ੍ਹਾਂ ਨਜ਼ਮਾਂ ਵਿਚ ਕਿਰਪਾਨ ਨੂੰ ਸਿਖ ਵਾਸਤੇ ਜਾਨ ਨਾਲੋਂ ਵੱਧ ਪਿਆਰਾ ਆਖ ਕੇ ਕੁਰਬਾਨੀਆਂ ਵਾਸਤੇ ਹਰ ਵਕਤ ਤਿਆਰ ਹੋਣ ਦਾ ਐਲਾਨ ਪੇਸ਼ ਹੈ:

ਇਹ ਕਿਰਪਾਨ ਸਾਡੀ, ਜਿੰਦ ਜਾਨ ਸਾਡੀ,
ਅਤੇ ਏਹੋ ਹੀ ਸਾਡੜੀ ਆਨ ਸਮਝੋ।
ਜੇ ਖੜਗ ਵਾਸਤੇ ਮਿਲੀ ਸੂਲੀ,
ਸਦਾ ਸਿਖ ਹੁੰਦਾ ਕੁਰਬਾਨ ਰਹਿਸੀ।

....

ਭਲਾ ਗੱਲ ਭਵਿੱਖਤ ਦੀ ਕੌਣ ਜਾਣੇ,
'ਚੰਡੀ' ਬਾਹਰ ਰਹਿਸੀ ਜਾਂ 'ਮਿਆਨ' ਰਹਿਸੀ।

ਇਹ ਲਫ਼ਜ਼ ਹਥਿਆਰਬੰਦ ਜੱਦੋ-ਜਹਿਦ ਦੀ ਸਾਫ਼ ਸਾਫ਼ ਵਾਰਨਿੰਗ ਵੀ ਦੇਂਦੇ ਹਨ।

ਇਨ੍ਹੀਂ ਦਿਨੀਂ ਹੀ ਫ਼ੌਜ ਵਿਚ ਖੁੱਲ੍ਹਾ ਦਾੜ੍ਹਾ ਰੱਖਣ 'ਤੇ ਪਾਬੰਦੀ ਦੀ ਗੱਲ ਵੀ ਪੰਥ ਤਕ ਪਹੁੰਚ ਗਈ। ਇਸ ਬਾਰੇ 'ਬੱਧਾ ਸ਼ੇਰ' ਨੇ ਇਕ ਵਧੀਆ ਨਜ਼ਮ ਲਿਖੀ ਸੀ। ਇਸ ਵਿਚ ਸਿਖ ਫ਼ੌਜੀਆਂ ਨੂੰ ਖੁੱਲ੍ਹਾ ਦਾੜ੍ਹਾ ਰੱਖਣ 'ਤੇ ਕੈਦ ਦਾ ਅਤੇ ਕਿਰਪਾਨ 'ਤੇ ਪਾਬੰਦੀ ਦਾ ਜ਼ਿਕਰ ਕਰ ਕੇ ਇਸ਼ਾਰਾ ਕੀਤਾ ਹੈ ਕਿ ਕੱਲ੍ਹ ਨੂੰ ਸਰਕਾਰ 'ਕੇਸ' ਰੱਖਣ 'ਤੇ ਵੀ ਪਾਬੰਦੀ ਲਾ ਦੇਵੇਗੀ:

ਦਾੜ੍ਹੇ ਲਈ ਹੁਣ ਕੈਦ ਤੇ ਦੰਡ ਦਿੱਤੇ,
ਕੇਸਾਂ ਵਾਸਤੇ ਸੜਕ ਆਸਾਨ ਕੀਤੀ।

ਇਸ ਨਜ਼ਮ ਵਿਚ ਸ਼ਾਇਰ ਨੇ ਇਕ ਬੜਾ ਪਿਆਰਾ ਅੰਦਾਜ਼ ਇੰਜ ਪੇਸ਼ ਕੀਤਾ ਹੈ:

ਕਾਹਨੂੰ ਜ਼ਖ਼ਮ 'ਤੇ ਜ਼ਖ਼ਮ ਪਈ ਲਾਵਣੀ ਏਂ,
ਸਾਡਾ ਨੈਣ ਜਲ ਵੀ ਹੁਣ ਤਾਂ ਰੱਤ ਹੋਈ।

ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ 1921 ਵਿਚ ਗੁਰੂ ਨਾਨਕ ਸਾਹਿਬ ਦੇ ਪੁਰਬ 'ਤੇ ਸਿੱਖਾਂ ਨੇ ਕਾਲੇ ਦਸਤਾਰੇ ਸਜਾਏ ਸਨ। ਮਗਰੋਂ ਕਈ ਸਿੱਖਾਂ ਨੇ ਕਾਲੀ ਦਸਤਾਰ ਹਮੇਸ਼ਾ ਵਾਸਤੇ ਹੀ ਸਜਾ ਲਈ ਸੀ। ਇਸ ਬਾਰੇ ਇਕ ਵਧੀਆ ਨਜ਼ਮ ਸਿਰਦਾਰ ਸੰਤੋਖ ਸਿੰਘ ਨੇ ਲਿਖੀ ਸੀ:

ਸਿਰ ਉੱਤੇ ਕਾਲਾ ਦਸਤਾਰਾ ਖ਼ੂਬ ਸੋਂਭਦਾ ਏ,
ਕਾਲੀ ਘਟਾ ਬੰਨ੍ਹ, ਮਾਨੋ ਤੋਪ ਬੀੜ ਆਂਦੀ ਏ।

....

ਉਝ ਸਾਨੂੰ 'ਕਾਲਾ' ਕਹਿੰਦੇ, ਕਾਲਾ ਦਸਤਾਰਾ ਵੇਖ,
ਡਰ ਕਾਹਨੂੰ ਲੱਗੇ ਅਤੇ ਹੋਸ਼ ਕਿਉਂ ਨਾ ਰਹਿੰਦੀ ਏ।

ਅੰਗਰੇਜ਼ ਸਮਝਦੇ ਸਨ ਕਿ ਸਿੱਖ ਕੈਦ ਤੇ ਗ੍ਰਿਫ਼ਤਾਰੀਆਂ ਤੋਂ ਡਰ ਜਾਣਗੇ। ਇਸ ਵਾਸਤੇ ਸਰਕਾਰ ਅਜਿਹੇ ਦਬਕੇ ਵੀ ਮਾਰਦੀ ਰਹਿੰਦੀ ਸੀ ਅਤੇ ਸੱਚਮੁੱਚ ਕਈਆਂ ਨੂੰ ਕੈਦ ਕੀਤਾ ਵੀ। ਇਸ ਦੇ ਜਵਾਬ ਵਿਚ ਖ਼ਾਲਸਾ ਜੀ ਦਾ ਚੜ੍ਹਦੀ ਕਲਾ ਵਾਲਾ ਜਜ਼ਬਾਤ ਦਰਸਾਉਣ ਵਾਸਤੇ ਵੀ ਕਈ ਨਜ਼ਮਾਂ ਲਿਖੀਆਂ ਗਈਆਂ। ਸਿਖ ਸ਼ਾਇਰਾਂ ਦੇ ਜਜ਼ਬਾਤ ਕਾਬਲੇ-ਗ਼ੌਰ ਹਨ। ਸਿਰਦਾਰ ਮਾਨ

ਸਿੰਘ ਦੇ ਲਫ਼ਜ਼ ਸਨ:

ਅਸਾਂ ਮਰਨ ਨੂੰ ਹੈ ਇਕ ਖੇਲ ਜਾਤਾ,
ਸਾਨੂੰ ਘੁਰਨੀਆਂ ਦੇ ਡਰਾ ਨਾਹੀਂ।
ਸਿਰ ਕੱਟ ਕੇ ਤਲੀ 'ਤੇ ਅਸਾਂ ਧਰਿਆ,
ਸਾਨੂੰ ਕੈਦ ਦਾ ਡਰ ਦਿਖਾ ਨਾਹੀਂ।

ਸਿੰਘ ਜੇਲ੍ਹ ਨੂੰ ਕੀ ਸਮਝਦੇ ਸਨ?:

ਮੌਜ ਲੱਗੀ ਸਤਸੰਗ ਦੀ ਖ਼ੂਬ ਐਥੇ,
ਚੁੱਪ, ਸ਼ਾਂਤ, ਨਾ ਪਾਂਵਦਾ ਸ਼ੋਰ ਕੋਈ।
ਸੱਚੇ ਗੁਰੂ ਦੇ ਸਿਖ ਤਾਂ ਈਹੋ ਸਮਝਣ,
ਇਹੋ ਸਵਰਗ ਨਾ ਦੂਸਰਾ ਹੋਰ ਕੋਈ।

ਅਤੇ

ਦੋਸਤ ਦਿਨਾਂ ਦੇ ਜਿਹਲ ਵਿਚ ਕਰਨ ਮੌਜਾਂ,
ਸਿਰ 'ਤੇ ਪੈ ਗਿਆ ਕੌਮ ਦਾ ਭਾਰ ਮੈਨੂੰ।
ਅੰਦਰ ਖ਼ੁਸ਼ੀ ਦੇ ਚਮਕਦੇ ਠੀਕ ਚਿਹਰੇ,
ਬਾਹਰ ਦਿਸਦੇ ਸਭੇ ਗ਼ਮ-ਖ਼ਾਰ ਮੈਨੂੰ।
ਬਾਹਰ ਕੱਚੇ ਪਏ ਲਿੰਬ ਕੇ ਥੱਕ ਗਏ ਹਾਂ,
ਪੱਕੀ ਜਿਹਲ ਵਿਚ ਕਹਿਣ ਸਿਰਦਾਰ ਸਾਨੂੰ।
ਪਿੱਛੇ ਜਨਮ ਵਿਚ ਕਰ ਲਿਆ ਕਰਮ ਭੈੜਾ,
ਅਜੇ ਤੀਕ ਨਾ ਕੀਤਾ ਗ੍ਰਿਫ਼ਤਾਰ ਮੈਨੂੰ।

'ਗੁਰੂ ਕਾ ਬਾਗ' ਮੋਰਚੇ ਵਿਚ ਸਿੱਖਾਂ ਨੂੰ ਗੋਰੇ ਸਿਪਾਹੀਆਂ ਨੇ ਛੱਲੀਆਂ ਵਾਂਗ, ਡਾਂਗਾਂ ਨਾਲ ਝੰਬਿਆ। ਦੁਨੀਆਂ ਭਰ ਵਿਚ ਹਾਹਾਕਾਰ ਮੱਚ ਗਈ। ਸਿਖ ਸ਼ਾਇਰਾਂ ਨੇ ਵੀ ਇਸ ਮੋਰਚੇ ਵਿਚ ਆਪਣੇ ਜਜ਼ਬਾਤਾਂ ਦਾ ਇਜ਼ਹਾਰ ਕੀਤਾ। ਗਿਆਨੀ ਮਾਨ ਸਿੰਘ ਨੇ ਗੁਰੂ ਕਾ ਬਾਗ ਦੇ ਸ਼ਹੀਦਾਂ ਨੂੰ ਅਕੀਦਤ ਵਜੋਂ ਇਕ ਨਜ਼ਮ ਲਿਖੀ, ਪਰ ਇਸ ਨਜ਼ਮ ਵਿਚ ਬਜਬਜ ਘਾਟ ਦੇ ਸਾਕੇ ਦਾ ਨਜ਼ਾਰਾ ਵਧੇਰੇ ਪੇਸ਼ ਕੀਤਾ ਹੋਇਆ ਸੀ।

ਸਿਰਦਾਰ ਰਘਬੀਰ ਸਿੰਘ ਨੇ 'ਗੁਰੂ ਕਾ ਬਾਗ' ਦੇ ਮੋਰਚੇ ਵਿਚ ਜ਼ੁਲਮ ਸਹਿਣ ਵਾਲੇ ਸਿੰਘਾਂ ਨੂੰ ਬੜੇ ਜਜ਼ਬਾਤੀ ਲਫ਼ਜ਼ਾਂ ਵਿਚ ਸੋਜ਼ ਭਰੀ ਅਕੀਦਤ ਪੇਸ਼ ਕੀਤੀ:

ਕਫ਼ਨ ਸਿਰਾਂ 'ਤੇ ਬੰਨ੍ਹ ਕੇ ਪਾਣ ਗਿੱਧਾ,
ਸਿਖ ਮਸਤ ਹੋ ਮੌਤ ਦੇ ਰਾਗ ਅੰਦਰ।

21 ਫ਼ਰਵਰੀ 1924 ਦੇ ਦਿਨ ਜੈਤੋ ਵਿਚ ਸਿੰਘਾਂ ਦੇ ਸ਼ਹੀਦੀ ਜਥੇ 'ਤੇ ਬੇਤਹਾਸ਼ਾ ਗੋਲੀਆਂ ਚਲਾ ਕੇ ਦਰਜਨਾਂ ਸਿੰਘ ਸ਼ਹੀਦ ਤੇ 100 ਦੇ ਕਰੀਬ ਜ਼ਖ਼ਮੀ ਕਰ ਦਿੱਤੇ ਗਏ। ਨਾਨਕਾਣਾ ਸਾਹਿਬ ਦੇ ਸਾਕੇ ਤੋਂ ਮਗਰੋਂ ਇਹ ਦੂਜਾ ਵੱਡਾ ਸਾਕਾ ਸੀ। ਇਸ ਦਰਦਨਾਕ ਸਾਕੇ ਨੂੰ ਸਿਖ ਸ਼ਾਇਰਾਂ ਨੇ ਆਪਣੇ ਕਲਾਮ ਵਿਚ ਪੇਸ਼ ਕੀਤਾ। ਭਾਈ ਭਾਗ ਸਿੰਘ ਦੇ ਲਫ਼ਜ਼ ਸਨ:

ਓਧਰ ਗੋਲੀਆਂ ਦੀ ਵਰਖਾ ਪਈ ਹੋਵੇ,
ਧਰਮੀ ਹੱਸ ਹੱਸ ਛਾਤੀਆਂ ਡਾਂਹਵਦੇ ਰਹੇ।
ਜਿਉਂ ਜਿਉਂ ਚੱਲੀ ਗੋਲੀ, ਤਿਉਂ ਤਿਉਂ ਧਰਮੀ,
ਅੱਗੇ ਅੱਗੇ ਨੂੰ ਪੈਰ ਵਧਾਂਵਦੇ ਰਹੇ।

ਭਾਈ ਗੁਰਬਖ਼ਸ਼ ਸਿੰਘ ਨੇ ਖ਼ਾਲਸੇ ਦਾ ਹੌਸਲਾ ਪੇਸ਼ ਕਰਦਿਆਂ ਲਿਖਿਆ:

ਅਸਾਂ ਹਟਣਾ ਪਿਛਾਂ ਨਹੀਂ ਗੰਗਸਰ ਤੋਂ,
ਤੂੰ ਇਸ ਤਰ੍ਹਾਂ ਗੋਲੀ ਚਲਾਈ ਜਾਸੇਂ?
ਅਸੀਂ ਲੱਖਾਂ ਹੀ ਹੋ ਤਿਆਰ ਆ ਗਏ,
ਸੱਚ ਦੱਸ ਤੂੰ ਕਰੀ ਸਫ਼ਾਈ ਜਾਸੇਂ?

ਮੋਰਚੇ ਵਿਚ ਜਾਣ ਵਾਲੇ ਜਥੇ ਵੱਲੋਂ ਨਜ਼ਮ ਦੀ ਸ਼ਕਲ ਵਿਚ ਪੰਥ ਦੇ ਨਾਂ 'ਸੰਦੇਸ਼' ਪੜ੍ਹਿਆ ਜਾਂਦਾ ਸੀ। ਇਹ ਜਜ਼ਬਾਤੀ ਵੀ ਤੇ ਚੜ੍ਹਦੀ ਕਲਾ ਦੀ ਵੀ ਪੇਸ਼ਕਾਰੀ ਹੁੰਦੀ ਸੀ। ਪਹਿਲੇ ਜਥੇ ਵੱਲੋਂ:

ਸੁਣੋ ਖ਼ਾਲਸਾ ਜੀ ਸਾਡੇ ਕੂਚ ਡੇਰੇ,
ਅਸੀਂ ਆਖ਼ਰੀ ਫ਼ਤਹਿ ਬੁਲਾ ਚੱਲੇ।
ਪਾਓ ਬੀਜ ਤੇ ਸਾਂਭ ਕੇ ਫ਼ਸਲ ਵੱਢੋ,
ਅਸੀਂ ਡੋਲ੍ਹ ਕੇ ਰੱਤ ਪਿਆ ਚੱਲੇ।

ਦੂਜੇ ਜਥੇ ਵੱਲੋਂ:

ਪੰਥ ਪਿਆਰਿਆ ਸੁਣੀਂ ਸੰਦੇਸੜਾ ਵੇ,
ਅਸੀਂ ਧਰਮ ਤੋਂ ਹੋਣ ਕੁਰਬਾਨ ਚੱਲੇ।
ਸ਼ਾਂਤਮਈ ਤੇ ਜ਼ੁਲਮ ਦਾ ਜੰਗ ਛਿੜਿਆ,
ਫ਼ਤਹ ਹੋਵੰਦੀ ਕਿਹਦੀ ਅਜ਼ਮਾਣ ਚੱਲੇ।

ਜੈਤੋ ਦੇ ਮੋਰਚਿਆਂ ਬਾਰੇ ਇਕ ਮੁਸਲਮਾਨ, ਮੌਲਾਨਾ ਜ਼ਫ਼ਰ ਅਲੀ, ਨੇ ਵੀ ਇਕ ਵਧੀਆ ਅਕੀਦਤ ਭਰੀ ਨਜ਼ਮ ਉਰਦੂ ਵਿਚ ਲਿਖੀ ਸੀ। ਉਸ ਦੇ ਜਜ਼ਬਾਤ ਵੀ ਕਾਬਲੇ-ਜ਼ਿਕਰ ਹਨ:

ਨਾ ਘਾਇਲ ਕਰ ਸਕੀ ਥੀ ਜਿਨ ਕੋ, ਨਾਨਕਾਣੇ ਮੇਂ ਆਂਖ ਉਨ ਕੀ।
ਉਨ੍ਹੇਂ ਭੀ ਉਸ ਨੇ ਤੜਪਾ ਕੇ ਛੋੜਾ ਇਕ ਇਸ਼ਾਰੇ ਮੇਂ।
ਬਹਾਏ ਹੈਂ ਜਿਨ੍ਹੋਂ ਨੇ ਬੇਕਸੋਂ ਕੇ ਖ਼ੂਨ ਕੇ ਦਰਿਆ,
ਵੁਹ ਖ਼ੁਦ ਬਹਿ ਜਾਏਗਾ ਤਕਦੀਰ ਕੀ ਨਦੀ ਕੇ ਧਾਰੇ ਮੇਂ।
ਤੁਮ੍ਹੇ ਬਖ਼ਸ਼ਾ ਗਯਾ ਹੈ ਦੀਦਾ-ਏ-ਬੀਨਾ ਤੋ ਦੇਖੋਗੇ,
ਹਜ਼ਾਰੋਂ ਰਾਖ਼ ਕੇ ਢੇਰ, ਇਕ ਨਾਭਾ ਕੇ ਸ਼ਰਾਰੇ ਮੇਂ।

ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਬਾਰੇ ਰੱਖੇ ਗਏ ਅਖੰਡ ਪਾਠ ਦੇ ਖੰਡਤ ਹੋਣ ਦੇ ਖ਼ਿਲਾਫ਼ ਜੈਤੋ ਦਾ ਮੋਰਚਾ ਲੱਗਾ ਸੀ। ਨਾਭੇ ਦੇ ਰਾਜੇ ਦੀ ਬਹਾਲੀ ਬਾਰੇ ਵੀ ਕਈ ਨਜ਼ਮਾਂ ਲਿਖੀਆਂ ਗਈਆਂ ਸਨ। ਵਿਚੋਂ ਜਦੋਂ ਅਕਾਲੀ ਲੀਡਰਸ਼ਿਪ ਨੇ ਰਾਜਾ ਨਾਭਾ ਦੀ ਬਹਾਲੀ ਦਾ ਸਵਾਲ ਤਕਰੀਬਨ ਛੱਡ ਦਿੱਤਾ ਤਾਂ ਕੁਝ ਸ਼ਾਇਰਾਂ ਨੇ ਇਸ ਦੇ ਖ਼ਿਲਾਫ਼ ਆਪਣੇ ਜਜ਼ਬਾਤ ਵੀ ਜ਼ਾਹਿਰ ਕੀਤੇ। ਰਾਜਾ ਨਾਭਾ ਨੂੰ 9 ਜੁਲਾਈ 1923 ਦੇ ਦਿਨ ਗੱਦੀ ਤੋਂ ਉਤਾਰਿਆ ਗਿਆ ਸੀ। ਉਦੋਂ ਇਹ ਅਫ਼ਵਾਹ ਗਰਮ ਸੀ ਕਿ ਮਹਾਰਾਜੇ ਨੂੰ ਇੰਗਲੈਂਡ ਲੈ ਜਾਇਆ ਜਾਏਗਾ। ਸ: ਅਰਜਨ ਸਿੰਘ ਗੜਗੱਜ ਨੇ ਇਸ ਤੌਖ਼ਲੇ ਨੂੰ ਜ਼ਾਹਿਰ ਕਰਦਿਆਂ ਮਹਾਰਾਜਾ ਦਲੀਪ ਸਿੰਘ ਕਾਂਡ ਨੂੰ ਦੁਹਰਾਏ ਜਾਣ ਨੂੰ ਰੋਕਣ ਵਾਸਤੇ ਇਕ ਨਜ਼ਮ ਲਿਖੀ ਸੀ।

'ਬੱਬਰ ਸ਼ੇਰ' ਨੇ ਇਸ ਦੀ ਜ਼ਿੰਮੇਦਾਰੀ ਮਹਾਰਾਜਾ ਪਟਿਆਲਾ ਦੇ ਵਜ਼ੀਰ ਪੰਡਤ ਕੌਲ 'ਤੇ ਪਾਉਣ ਬਾਰੇ ਇਕ ਨਜ਼ਮ ਲਿਖੀ ਸੀ। ਅਕਾਲੀ ਲੀਡਰਾਂ ਵੱਲੋਂ ਰਾਜਾ ਨਾਭਾ ਦੀ ਬਹਾਲੀ ਦਾ ਸਵਾਲ ਛੱਡਣ ਦੇ ਖ਼ਿਲਾਫ਼ 'ਬੱਬਰ ਸ਼ੇਰ' ਨੇ ਇਕ ਹੋਰ ਨਜ਼ਮ ਵੀ ਲਿਖੀ ਸੀ। ਸ: ਕਸ਼ਮੀਰਾ ਸਿੰਘ ਨੇ ਵੀ ਰਾਜਾ ਨਾਭਾ ਦੀ ਬਹਾਲੀ ਬਾਰੇ ਇਕ ਨਜ਼ਮ ਲਿਖੀ ਸੀ। ਇਸ ਵਿਚ ਸਰਕਾਰੀ ਧੱਕੇ-ਸ਼ਾਹੀ ਨੂੰ ਚੈਲੰਜ ਕਰਦਿਆਂ ਆਖਿਆ ਗਿਆ ਸੀ ਕਿ ਵੱਡੇ ਵੱਡੇ ਧੱਕੇ-ਖੋਰ ਤੇ ਬਹਾਦਰ ਦੁਨੀਆਂ 'ਤੇ ਨਹੀਂ ਰਹੇ ਤਾਂ 'ਹੇਲੀ' ਵਰਗੇ ਅਫ਼ਸਰ ਕਿਹੜੇ ਬਾਗ਼ ਦੀ ਮੂਲੀ ਹਨ। ਸ਼ਾਇਰ ਨੇ ਰਾਵਣ, ਬਾਲੀ, ਭੀਮ, ਅਰਜਨ, ਕੰਸ, ਕੁੰਭਕਰਨ, ਮੇਘ ਨਾਦ, ਹਰਨਾਖ਼ਸ਼, ਔਰੰਗਜ਼ੇਬ, ਮਹਿਮੂਦ ਗ਼ਜ਼ਨਵੀ ਤੇ ਤੈਮੂਰ ਦਾ ਜ਼ਿਕਰ ਕੀਤਾ ਹੋਇਆ ਹੈ। ਨਜ਼ਮ ਵਿਚ ਬਣੇ ਗੁਰਦੁਆਰਾ ਐਕਟ ਵੱਲ ਵੀ ਇਸ਼ਾਰਾ ਹੈ ਅਤੇ ਸਿਖ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਕੀਤੀ ਹੋਈ ਹੈ।

ਕੁਝ ਨਜ਼ਮਾਂ ਅੰਗਰੇਜ਼ਾਂ ਦੀ (ਸਿੱਖਾਂ ਨਾਲ) ਅਹਿਸਾਨ-ਫ਼ਰਾਮੋਸ਼ੀ ਬਾਰੇ ਵੀ ਲਿਖੀਆਂ ਗਈਆਂ ਸਨ। ਸਿੱਖਾਂ ਨੇ ਪਹਿਲੀ ਵੱਡੀ ਜੰਗ (1914-18) ਵਿਚ ਜੋ ਕੁਰਬਾਨੀਆਂ ਕੀਤੀਆਂ ਸਨ, ਉਨ੍ਹਾਂ ਵੱਲ ਇਸ਼ਾਰਾ ਕਰਦੀਆਂ ਇਹ ਨਜ਼ਮਾਂ ਨਿਹੋਰਾ ਅਤੇ ਸ਼ਿਕਵਾ ਪੇਸ਼ ਕਰਦੀਆਂ ਹਨ। 'ਬੱਧਾ ਸ਼ੇਰ' ਨੇ ਲਿਖਿਆ ਸੀ:

ਜਿਸ ਦੇ ਵਾਸਤੇ ਛੱਡ ਕੇ ਪੁੱਤ ਧੀਆਂ,
ਦੇਸੋਂ ਦੂਰ ਪਰਦੇਸ ਵਿਚ ਜਾ ਮਰੀਏ।
ਕਾਬਲ, ਚੀਨ, ਨਿਪਾਲ, ਬਗ਼ਦਾਦ, ਤਿੱਬਤ,
ਮਿਸਰ, ਫ਼ਰਾਂਸ ਵਿਚ ਖ਼ੂਨ ਵਹਾ ਮਰੀਏ।
ਜੇਕਰ ਉਸੇ ਦੀਆਂ ਗੋਲੀਆਂ ਬੰਬ ਖਾ ਕੇ,
ਸਿਰ 'ਤੇ ਝੱਲ ਕੇ ਮਾਰਸ਼ਲ ਲਾਅ ਮਰੀਏ।
ਕਿਉਂ ਨਾ ਜਿੰਦ ਤੋਂ ਹੋ ਬੇਜ਼ਾਰ ਹੋਈਏ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।

ਸ: ਰਵੇਲ ਸਿੰਘ ਦਾ ਕਲਾਮ:

ਮੂੰਹੋਂ ਆਖ 'ਬਹਾਦਰੋ' ਪਿੱਠ ਠੋਕੀ,
ਪੁੱਛਦੇ 'ਕੌਣ'? ਹੁਣ ਰਹੀ ਪਛਾਣ ਕਿਉਂ ਨਹੀਂ।

ਗੁਰਦੁਆਰਾ ਐਕਟ ਦੇ ਖ਼ਿਲਾਫ਼ ਵੀ ਕੁਝ ਨਜ਼ਮਾਂ ਲਿਖੀਆਂ ਗਈਆਂ ਸਨ। ਇੰਜ ਹੀ ਕੈਦੀਆਂ ਦੀ ਰਿਹਾਈ ਵਾਸਤੇ ਵੀ ਕੁਝ ਨਜ਼ਮਾਂ ਲਿਖੀਆਂ ਗਈਆਂ ਸਨ। ਨਾਲ ਹੀ ਲੀਡਰਾਂ ਨੂੰ ਸਰਕਾਰ ਨਾਲ ਗੱਲਬਾਤ ਕਰਨ ਵੇਲੇ ਕਮਜ਼ੋਰੀ ਨਾ ਦਿਖਾਉਣ, ਬਿੱਲ ਨਾ ਕਬੂਲ ਕਰਨ, ਅਸੈਂਬਲੀ ਤੇ ਹੋਰ ਅਦਾਰਿਆਂ ਤੋਂ ਅਸਤੀਫ਼ੇ ਦੇਣ ਵਾਸਤੇ ਵੀ ਨਜ਼ਮਾਂ ਵਿਚ ਅਪੀਲ ਕੀਤੀ ਹੁੰਦੀ ਸੀ।

ਇਨ੍ਹਾਂ ਮੋਰਚਿਆਂ ਵਿਚ ਕੁਝ ਸ਼ਖ਼ਸੀਅਤਾਂ ਨੇ ਸਿਖ ਕੌਮ ਨੂੰ ਬਹੁਤ ਅਸਰ-ਅੰਦਾਜ਼ ਕੀਤਾ। ਇਹ ਆਗੂ ਸਨ—ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਮਾਸਟਰ ਮੋਤਾ ਸਿੰਘ, ਸਿਰਦਾਰ ਤੇਜਾ ਸਿੰਘ ਸਮੁੰਦਰੀ, ਜਥੇਦਾਰ ਕਰਤਾਰ ਸਿੰਘ ਝੱਬਰ, ਝਬਾਲ ਭਰਾ, ਮਾਈ ਕਿਸ਼ਨ ਕੌਰ। ਇਨ੍ਹਾਂ ਬਾਰੇ ਵੀ ਕਈ ਸ਼ਾਇਰਾਂ ਨੇ ਕਲਾਮ ਰਚਿਆ। ਇਕ ਨਜ਼ਮ ਅਜਿਹੀ ਵੀ ਲਿਖੀ ਗਈ, ਜਿਸ ਵਿਚ ਅਕਾਲੀ ਲਹਿਰ ਦੀ ਲੀਡਰਸ਼ਿਪ ਵਿਚੋਂ ਬਹੁਤਿਆਂ ਦੇ ਨਾਂ ਦਰਜ ਸਨ। ਮੈਨੂੰ ਇਸ ਦੀ ਜੋ ਕਾਪੀ ਮਿਲੀ ਹੈ, ਉਹ ਦੂਜੇ ਸੋਮੇ ਤੋਂ ਹੈ, ਹੋ ਸਕਦਾ ਹੈ ਕਿ ਇਸ ਵਿਚ ਕੋਈ ਘਾਟਾ ਵਾਧਾ ਕੀਤਾ ਗਿਆ ਹੋਵੇ।

ਅਕਾਲੀ ਲਹਿਰ ਵਿਚ ਕੁਝ ਨਜ਼ਮਾਂ ਗੁਰੂ ਸਾਹਿਬ ਨੂੰ ਮੁਖ਼ਾਤਿਬ ਕਰ ਕੇ ਅਤੇ ਕੁਝ ਮਿਲੇ ਜੁਲੇ ਨੁਕਤਿਆਂ ਬਾਰੇ ਵੀ ਲਿਖੀਆਂ ਗਈਆਂ ਸਨ।

ਬੱਬਰ ਸੰਤਾ ਸਿੰਘ 'ਨਿਧੜਕ' ਨੇ ਬੱਬਰ ਅਕਾਲੀ ਲਹਿਰ ਦੀ ਤਵਾਰੀਖ਼ ਨੂੰ ਸ਼ਾਇਰੀ ਵਿਚ ਪੇਸ਼ ਕੀਤਾ ਸੀ। ਮੈਂ ਇਸ ਦੇ ਟੁਕੜੇ ਉਨ੍ਹਾਂ ਵੱਲੋਂ ਅਦਾਲਤ 'ਚ ਦਿੱਤੇ ਬਿਆਨ 'ਚੋਂ, ਤਰਤੀਬਵਾਰ ਚੁਣੇ ਹਨ। ਇਸ ਵਿਚ ਲਹਿਰ ਬਾਰੇ ਕੀਮਤੀ ਸਮੱਗਰੀ ਭਰੀ ਪਈ ਹੈ।

ਕੁਲ ਮਿਲਾ ਕੇ ਅਕਾਲੀ ਲਹਿਰ ਦਾ ਕਲਾਮ ਜਿਥੇ ਉਸ ਲਹਿਰ ਦੀ ਤਵਾਰੀਖ਼ ਹੈ, ਉਥੇ ਸਮੁੱਚੇ ਕੌਮੀ ਜਜ਼ਬਾਤਾਂ ਦਾ ਇਜ਼ਹਾਰ ਵੀ ਹੈ।

ਭਾਵੇਂ ਇਹ ਨਜ਼ਮਾਂ ਅੱਜ ਤੋਂ 75 ਕੁ ਸਾਲ ਪਹਿਲੋਂ ਲਿਖੀਆਂ ਗਈਆਂ ਸਨ ਪਰ ਅੱਜ (1997 ਵਿਚ) ਵੀ ਇਹ ਨਵੀਆਂ, ਨਰੋਈਆਂ ਅਤੇ ਅੱਜ ਦੀ ਹਾਲਤ 'ਤੇ ਢੁਕਵੀਆਂ ਲਗਦੀਆਂ ਹਨ।

—ਹਰਜਿੰਦਰ ਸਿੰਘ 'ਦਿਲਗੀਰ'

ਅਕਾਲੀ

ਗਿ: ਹੀਰਾ ਸਿੰਘ ਦਰਦ

ਅੱਖਾਂ ਖੋਲ੍ਹੋ ਢਿੱਲੜ ਵੀਰੋ,
ਆ ਗਿਆ ਫੇਰ ਅਕਾਲੀ ਜੇ।
ਖੰਡਾ ਫੜਿਆ ਹੱਥ ਸੱਚ ਦਾ,
ਜੋਤ ਮਾਰਦੀ ਲਾਲੀ ਜੇ।
ਧਰਮੀ ਜੋਧੇ ਕੌਮੀ ਰਾਖੇ,
ਦਿੱਤੀ ਆਣ ਵਿਖਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ,
ਆ ਗਿਆ ਫੇਰ ਅਕਾਲੀ ਜੇ।

ਜਿਸਦੇ ਹੁੰਦੇ ਕੌਮ ਅਸਾਡੀ ਵੱਲ, ਅੱਖ ਨਾ ਕੋਈ ਉਠਾਂਦਾ ਸੀ,
ਸੁਣ ਕੇ ਨਾਂ ਅਕਾਲੀ ਜੀ ਦਾ, ਕੰਨਾਂ ਨੂੰ ਹੱਥ ਲਾਂਦਾ ਸੀ,
ਰਾਜਾ ਸ਼ੇਰ ਪੰਜਾਬ ਜਿਹਾ ਵੀ, ਉਸ ਕੋਲੋਂ ਭੈ ਖਾਂਦਾ ਸੀ,
ਸੱਚਾ ਪਹਿਰੇਦਾਰ ਕੌਮ ਦਾ, ਫੂਲਾ ਸਿੰਘ ਸਦਾਂਦਾ ਸੀ,
ਕਿਤਨਾ ਪਿਆ ਅਨ੍ਹੇਰ ਭਰਾਵੋ, ਬਾਗ਼ ਉਜਾੜੇ ਮਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।

ਅੱਖੀਂ ਵੇਖ ਬੇਅਦਬੀ ਹੁੰਦੀ, ਬੀਰ ਨਾ ਕਦੇ ਸਹਾਰ ਸਕੇ,
ਜਿਸ ਨੇ ਸੀਸ ਤਲੀ 'ਤੇ ਧਰਿਆ, ਉਸ ਨੂੰ ਕੋਈ ਨਾ ਮਾਰ ਸਕੇ,
ਜੀਊਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨਾ ਹਾਰ ਸਕੇ,
ਨਾ ਕੋਈ ਉਸ ਦਾ ਕਾਲਜ ਖੋਹੇ, ਨਾ ਕੋਈ ਖੋਹ ਦਰਬਾਰ ਸਕੇ,
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।

ਕੁਰਬਾਨੀ ਦਾ ਅੰਮ੍ਰਿਤ ਪਾ ਕੇ, ਗ਼ੈਰਤ ਮੋਈ ਜਿਵਾਏਗਾ,
ਠੂਠਾ ਫੜ ਕੇ ਦਰ ਦਰ ਮੰਗਣ, ਵਾਦੀ ਦੂਰ ਹਟਾਏਗਾ,
ਆਪਣੇ ਉੱਤੇ ਭਰੋਸਾ ਰੱਖਣਾ, ਐਸਾ ਯਾਦ ਕਰਾਏਗਾ,
ਅਸੀਂ ਹਿੰਦ ਤੇ ਹਿੰਦ ਅਸਾਡਾ, ਬੱਚਾ ਬੱਚਾ ਗਾਏਗਾ,
ਦੂਰ ਹੋਣਗੇ ਦੁਖੜੇ ਸਾਰੇ, ਵਰਤੇਗੀ ਖ਼ੁਸ਼ਹਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।

ਅਕਾਲੀ ਦੇ ਦਰਸ਼ਨ

ਤੇਜਾ ਸਿੰਘ ਹਜ਼ੂਰੀਆ

ਪ੍ਰਗਟਿਆ ਅਕਾਲੀ ਗੁਰੂ ਕਾਲ ਰਹਿਤ ਕਰੇ ਸਦਾ,
ਪੰਥ ਵਿਚ ਜੋਸ਼ ਤੇ ਖਰੋਸ਼ ਫੈਲਾਂਵਦਾ।

ਬੀਰਤਾ ਦੇ ਲੇਖ ਨਿਰਭਉ ਹੋ ਕੇ ਲਿਖ ਲਿਖ,
ਸਿੰਘਾਂ ਤਾਈਂ ਸੂਰਬੀਰ ਨਿਰਭਉ ਬਣਾਂਵਦਾ।

ਪੰਥ ਸੰਦੀ ਟਹਿਲ ਕਰ ਦੁਖ ਪਾ ਸ਼ਹੀਦ ਹੋਣਾ,
ਕੈਦ ਹੋਣੋਂ ਕਾਲ ਹੋਣੋਂ ਡਰ ਨਹੀਂ ਆਂਵਦਾ।

ਧੰਨ ਦਸਮੇਸ਼ ਆਪੇ ਲੋੜ ਵੇਲੇ ਪੰਥ ਵਿਚੋਂ,
ਆਪਣੇ ਪਿਆਰੇ ਸੇਵਾ ਹਿੱਤ ਪ੍ਰਗਟਾਂਵਦਾ।

ਅਕਾਲੀ ਨੂੰ ਵਧਾਈ!

ਸ. ਸਿੰਘ*

ਸ਼ਾਬਾਸ਼ੇ ਵੇ ਅਕਾਲੀ,
ਤੇਰੀ ਚਾਲ ਹੈ ਨਿਰਾਲੀ।
ਡਾਢੀ ਘਾਲ ਕੇ ਤੇ ਘਾਲ
ਸੇਵਾ ਪੰਥ ਦੀ ਕਮਾਈ ਤੈਂ।

ਦੁੱਖਾਂ ਦੀ ਹਨ੍ਹੇਰੀ ਚੱਲੀ,
ਸਿਰ ਤੇ ਬਹੁਤ ਤੇਰੀ,
ਤਾਂ ਭੀ ਸੱਚ ਦੀ ਆਵਾਜ਼ ਹੈ
ਨਿਡਰ ਹੋ ਉਠਾਈ ਤੈਂ।

ਸੁਤਿਆਂ ਜਗਾਏ ਸਭ,
ਏਕਤਾ ਲਿਆਏ ਕੇ ਤੇ,
ਲਹਿਰ ਸ੍ਵਰਾਜ ਵਿਚ
ਦੇਸ ਦੇ ਚਲਾਈ ਤੈਂ।

ਸਤਿਗੁਰੂ ਨਾਨਕ ਦੇ,
ਭਾਗ ਭਰੇ ਦਿਨ ਅੱਜ,
ਲੱਖ ਲੱਖ ਪ੍ਰੇਮ ਸਹਿਤ
ਦੇਂਵਦਾ ਵਧਾਈ ਮੈਂ।

*ਕਲਕੱਤਾ

ਅਕਾਲੀ ਨੂੰ ਵਧਾਈ !

ਅਰਜਨ ਸਿੰਘ ਰਾਗੀ*

ਮੰਗਲ ਸਿੰਘ ਅਕਾਲੀ ਦੀ ਜਾਨ ਸੀਗਾ,
ਜਿਨ ਬੂਟੜਾ ਸੀ ਹੱਥੀਂ ਆਪ ਲਾਇਆ।

ਏਹਨੇ ਹਿੰਦ ਆਜ਼ਾਦ ਕਰਾਵਨੀ ਸੀ,
ਜੀ ਹਜ਼ੂਰੀਆਂ ਨੇ ਦੁੱਖਾਂ ਵਿਚ ਪਾਇਆ।

ਸ਼ਾਬਾਸ਼ ਹੈ ਇਹਦੇ ਪਰਬੰਧਕਾਂ ਨੂੰ,
ਜੇਹਲਾਂ ਵਿਚ ਪਹੁੰਚੇ ਦਿਲ ਨਹੀਂ ਢਾਹਿਆ।

ਅਰਜਨ ਸਿੰਘ ਪਹਾੜ ਕੱਟ ਚੀਰ ਜੰਗਲ,
ਗੱਜਦਾ ਹੋਇਆ ਅਕਾਲੀ ਹੈ ਫੇਰ ਆਇਆ।

*ਢੁਡਿਆਲ

ਜੁਗੋ ਜੁਗ ਝੰਡਾ ਝੁਲੇ ਜੱਗ 'ਤੇ ਅਕਾਲੀ ਦਾ

ਗਿਆਨੀ ਕਰਤਾਰ ਸਿੰਘ*

ਗੁਰੂ ਜੀ ਅਕਾਲੀ ਪੰਥ ਵਾਲੀ ਮਾਲੀ ਬਾਗ ਸੰਦੇ,
ਇਹ ਕੁਚਾਲੀ ਸਮਾਂ ਲਿਆ ਦੇਹ ਖ਼ੁਸ਼ਾਲੀ ਦਾ।

ਹਾਲੀ ਦਾ ਬਖੇੜਾ ਝੇੜਾ ਦੂਰ ਕਰ ਗੇੜਾ ਦੇ ਕੇ,
ਨਾਮ ਔ ਨਿਸ਼ਾਨ ਸਾਰਾ ਮੇਟ ਦੇਹ ਕੁਚਾਲੀ ਦਾ।

ਚਾਲੀ ਦਾ ਏ ਪੈਰ ਪੈਰ ਠਹਿਰ ਠਹਿਰ ਜਾਈਦਾ ਵੇ,
ਖਾਈਦਾ ਏ ਧੱਕਾ ਨਾਲ ਦੁੱਖ ਭੀ ਏ ਜਾਲੀਦਾ।

ਜਾਹਲੀ ਦਾ ਜੋ ਪੇਚ ਉਗੜੇ ਕੁਪੇਚ ਖਾ ਕੇ,
ਜੁਗੋ ਜੁਗ ਝੰਡਾ ਝੁਲੇ ਜੱਗ 'ਤੇ ਅਕਾਲੀ ਦਾ।

*ਕਲਾਸਵਾਲੀਆ

ਗੁਰਦੁਆਰਿਆਂ ਦੀ ਹਾਲਤ

ਬੀਬੀ ਰਤਨ ਕੌਰ*

ਹੇ ਵਾਹਿਗੁਰੂ ਜਗਤ ਦੇ ਕਰਨ ਕਾਰਨ,
ਹੱਥ ਜੋੜ ਕੇ ਬੱਚੀ ਇਹ ਅਰਦਾਸ ਕਰਦੀ।
ਚੱਕਰ ਸਮੇਂ ਦਾ ਫੇਰਿਆ ਆਪ ਸਤਿਗੁਰ,
ਵਿਚ ਪੰਥ ਦੇ ਹੋਈ ਹਨ੍ਹੇਰਗਰਦੀ।
ਵਾੜ ਹੀ ਜਦੋਂ ਖੇਤ ਨੂੰ ਖਾਣ ਲੱਗੇ,
ਬਾਣੀ ਬਾਬੇ ਦੀ ਸੱਚ ਪੁਕਾਰ ਕਰਦੀ।
ਹੁਣ ਕਲਮਈ ਨੋਕ ਵਿਚ ਜ਼ੁਲਮ ਭਰਿਆ,
ਲਿਖਣ ਲੱਗਿਆਂ ਨਹੀਂ ਵਿਚਾਰ ਕਰਦੀ।
ਜ਼ੁਲਮ ਹੁੰਦਾ ਹੈ ਗੁਰੂ ਦੁਆਰਿਆਂ ਵਿਚ,
ਕੌਮ ਕਿਉਂ ਨਹੀਂ ਇਕ ਆਵਾਜ਼ ਕਰਦੀ।
ਅੱਡੋ ਅੱਡੀ ਹੋਏ ਹੁਣ ਰਾਹ ਸਾਡੇ,
ਫੁੱਟ ਫਿਰੇ ਭੈੜੀ ਮਾਰੋ ਮਾਰ ਕਰਦੀ।
ਬਰਬਾਦ ਛੱਡਿਆ ਕਰ ਹੈ ਪੰਥ ਸਾਡਾ,
ਦਿਨੋਂ ਦਿਨ ਹੈ ਏਸ ਦੀ ਕਲਾ ਚੜ੍ਹਦੀ।
ਨੱਕ ਫੁੱਟਦਾ ਨਾਲ ਕਿਰਪਾਨ ਵੱਢੋ,
ਬਾਣੀ ਗੁਰੂ ਦੀ ਸੱਚ ਪੁਕਾਰ ਕਰਦੀ।
ਹੇ ਪੰਥ ਦੇ ਵੀਰੋ ਮੈਂ ਪੁੱਛਦੀ ਹਾਂ,
ਓਸ ਸਮੇਂ ਨੂੰ ਜ਼ਰਾ ਵਿਚਾਰਿਆ ਜੇ।
ਮ੍ਰਿਗਿੰਦ ਮਤਾਬ ਜਦ ਗੱਜਿਆ ਸੀ,
ਵੇਲਾ ਓਹ ਹੁਣ ਕਿਉਂ ਵਿਸਾਰਿਆ ਜੇ।

ਮਦ ਪੀ ਕਰਨ ਉਲਟੀਆਂ ਹਰੀ ਮੰਦਰ,
ਖ਼ੂਨ ਜਿਗਰ ਦਾ ਹੁਣ ਕਿਉਂ ਠਾਰਿਆ ਜੇ।
ਜਬੀ ਬਾਨ ਲਾਗੇ ਤਬੀ ਰੋਸ ਜਾਗੇ,
ਏਸ ਹੁਕਮ ਨੂੰ ਕਿਉਂ ਵਿਸਾਰਿਆ ਜੇ।

---

*ਸਪੁੱਤ੍ਰੀ ਸਰਦਾਰ ਅਰਜਨ ਸਿੰਘ ਜੀ ਧੀਰਕੇ ਲਾਹੌਰ।
ਇਹ ਕਵਿਤਾ ਲਾਹੌਰ ਵਿਖੇ ਸੈਂਟ੍ਰਲ ਖ਼ਾਲਸਾ ਮਾਝਾ ਦੀਵਾਨ ਦੇ ਸਾਲਾਨਾ ਦੀਵਾਨ 'ਤੇ ਪੜ੍ਹੀ ਗਈ ਸੀ।

ਅਜੇ ਬਾਕੀ ਹੈ ਕੋਈ ਅਧਰਮ ਅੰਦਰ,
ਚੁੱਪ ਵੱਟ ਕਿਉਂ ਮੋਨ ਨੂੰ ਧਾਰਿਆ ਜੇ।
ਬਾਹਰ ਕੱਢੋ ਆਚਰਨ ਦੇ ਗੰਦਿਆਂ ਨੂੰ,
ਹਾਲਤ ਮੰਦਰ ਦੀ ਆਪ ਸਵਾਰਿਆ ਜੇ।
ਸਾਨੂੰ ਇਕ ਪਾਸੇ ਨਹੀਂ ਦੁੱਖ ਮਿਲਦਾ,
ਰੁਚੀ ਹੋਰ ਪਾਸੇ ਚਲੀ ਜਾਂਵਦੀ ਹੈ।
ਬੇਰ ਬਾਬੇ ਦੀ ਭੁੱਲੇ ਨਾ ਮੂਲ ਸਾਨੂੰ,
ਰਕਾਬ ਗੰਜ ਦੀ ਸ਼ਕਲ ਦਿਸ ਆਂਵਦੀ ਹੈ।

ਕੰਧ ਵੇਖ ਢੱਠੀ ਹੈਰਤ ਗੁੰਮ ਹੁੰਦੀ,
ਅਕਲ ਦਿਲ ਦਿਮਾਗ਼ 'ਚੋਂ ਜਾਂਵਦੀ ਹੈ।
ਸਾਡੀ ਟਿਕ ਲਗੇ ਹੁਣ ਓਸ ਪਾਸੋਂ,
ਬਾਣੀ ਗੁਰੂ ਦੀ ਜਿਵੇਂ ਫ਼ੁਰਮਾਉਂਦੀ ਹੈ।
ਜਿਵੇਂ ਚੰਦ ਦੇ ਵੱਲ ਚਕੋਰ ਵੇਖੇ,
ਅਲ ਰੁਲ ਦੀ ਪ੍ਰੀਤ ਜਤਾਉਂਦੀ ਹੈ।

(ਪੰਚ, ਲਾਹੌਰ, 6 ਅਕਤੂਬਰ 1920)

ਕੈਸਾ ਮੱਚ ਰਿਹਾ ਕਹਿਰ ਕਿਹਾਰ ਸਿੰਘੋ !

ਭਾਈ ਨਿਰੰਜਨ ਸਿੰਘ*

ਜ਼ਰਾ ਨੀਂਦ ਨੂੰ ਤਿਆਗ ਕੇ ਨਜ਼ਰ ਮਾਰੋ,
ਮੱਚ ਰਿਹਾ ਹੈ ਬੜਾ ਅੰਧਾਰ ਸਿੰਘੋ।
ਬੁਰਾ ਹਾਲ ਹੈ ਗੁਰੂ ਦਵਾਰਿਆਂ ਦਾ,
ਡਾਢਾ ਹੋ ਰਿਹਾ ਅੱਤਿਆਚਾਰ ਸਿੰਘੋ।
ਦਿੱਤਾ ਗੰਦ ਮਚਾ ਪੁਜਾਰੀਆਂ ਨੇ,
ਬਹੁਤ ਛੱਡਿਆ ਪਾਪ ਪਸਾਰ ਸਿੰਘੋ।
ਅੱਜ ਬਣ ਗਏ ਦੇਖ ਲਓ ਵਾਹਦ ਮਾਲਕ,
ਪਹਿਲਾਂ ਹੁੰਦੇ ਸੀ ਝਾੜੂ ਬਰਦਾਰ ਸਿੰਘੋ।
ਨੇੜੇ ਲੱਗਦੀ ਵਾਹ ਨਹੀਂ ਛੋਹਣ ਦਿੰਦੇ,
ਹੋਏ ਸਿੰਘ ਜੋ ਤਿਆਰ-ਬਰ-ਤਿਆਰ ਸਿੰਘੋ।
ਅੱਡੇ ਧਰਮ ਅਸਥਾਨ ਖ਼ਰਾਬੀਆਂ ਦੇ,
ਬਦਚਲਨ ਹੋ ਰਹੇ ਬਿਭਚਾਰ ਸਿੰਘੋ।
ਮਲੀਆ ਮੇਟ ਏਹ ਕੌਮ ਦਾ ਕਰੀ ਜਾਂਦੇ,
ਕੰਮ ਆਪਣਾ ਰਹੇ ਸਵਾਰ ਸਿੰਘੋ।
ਜਾ ਕੇ ਵੇਖ ਲਓ ਬਾਬੇ ਦੀ ਬੇਰ ਅੰਦਰ,
ਕੈਸਾ ਮੱਚ ਰਿਹਾ ਕਹਿਰ ਕਿਹਾਰ ਸਿੰਘੋ।
ਗੰਡਾ ਸਿਹੁੰ ਰਖਾਇਕੇ ਨਾਮ ਆਪਣਾ,
ਪਤਿਤ ਪੁਰਸ਼ ਕਰ ਰਿਹਾ ਬਹਾਰ ਸਿੰਘੋ।
ਇਕ ਸਿੰਘ ਨੂੰ ਪਕੜ ਕੇ ਉਸ ਨੇ,
ਬੁਰਾ ਹਾਲ ਕੀਤਾ ਮਾਰੋ ਮਾਰ ਸਿੰਘੋ।
ਸਾਨੂੰ ਅਜੇ ਵੀ ਮੂਲ ਨਾ ਸ਼ਰਮ ਆਵੇ,
ਪਤਿਤ ਪੁਰਸ਼ ਕਰ ਰਿਹਾ ਬਹਾਰ ਸਿੰਘੋ।
ਗ਼ੈਰਤ ਗਈ ਕਿਧਰ ਦੀਪ ਸਿੰਘ ਵਾਲੀ,
ਜਿਨ੍ਹਾਂ ਕੀਤੀ ਕੁਰਬਾਨੀ ਅਪਾਰ ਸਿੰਘੋ।
ਮੀਰਾਂ ਕੋਟੀਏ ਵਾਲੜਾ ਜੋਸ਼ ਕਿਥੇ,
ਦਿੱਤੀ ਆਪਣੀ ਜਾਨ ਜਿਨ ਵਾਰ ਸਿੰਘੋ।

*ਚੱਕ-ਨੰਬਰ 46

ਕਿਉਂ ਸੇਵਾ ਤੋਂ ਮੂੰਹ ਛੁਪਾਂਵਦੇ ਹੋ,
ਕਿਉਂ ਨਹੀਂ ਚੱਲਦੇ ਲੱਖ ਹਜ਼ਾਰ ਸਿੰਘੋ।
ਡੁੱਲ੍ਹੇ ਬੇਰਾਂ ਦਾ ਬਿਗੜਿਆ ਅਜੇ ਕੁਛ ਨਾ,
ਲਵੋ ਆਪਣਾ ਆਪ ਸੰਭਾਰ ਸਿੰਘੋ।
ਹੁਮ ਹੁਮਾ ਕੇ ਤੇ ਸਿਆਲਕੋਟ ਪੁੱਜੋ,
ਬਣੋ ਸੇਵਕਾਂ ਦੇ ਮਦਦਗਾਰ ਸਿੰਘੋ।
ਕੱਢੋ ਪਤਿਤ ਨੂੰ ਗੁਰੂ ਅਸਥਾਨ ਵਿਚੋਂ,
ਨਾਲ ਕੌਮ ਦੇ ਜੋਸ਼ ਦੀ ਮਾਰ ਸਿੰਘੋ।
ਓਹ ਕੀ ਲੱਗਦਾ ਗੁਰ ਅਸਥਾਨ ਦਾ ਹੈ,
ਨਾਲੇ ਪਤਿਤ ਤੇ ਏਜੰਟ ਸਰਕਾਰ ਸਿੰਘੋ।
ਘਾਤੀ ਕੌਮ ਦਾ ਜੋ ਰੂੜ ਸਿੰਘ ਵਾਂਗਰ,
ਦਿਓ ਗੇਂਦ ਵਾਂਗਰ ਬਾਹਰ ਮਾਰ ਸਿੰਘੋ।
ਪੁੱਜੋ ਛੇਤੀ ਤੇ ਖ਼ਾਲਸਾ ਝੱਬ ਪੁੱਜੋ,
ਜੱਸ ਖੱਟ ਲਓ ਵਿਚ ਸੰਸਾਰ ਸਿੰਘੋ।

(ਪੰਚ, ਲਾਹੌਰ, 6 ਅਕਤੂਬਰ 1920)

ਕਬਿੱਤ

ਚੀਫ਼ ਖ਼ਾਲਸਾ ਦੀਵਾਨ, ਹੋਰ ਜਥੇ ਵੀ ਤਮਾਮ,
ਗੁਣੀ ਗਿਆਨੀ ਮਿਲ ਆਇ ਦਰਸ ਦਿਖਾਉਣਗੇ।
ਜਾਤ ਦਾ ਜੋ ਭੂਤ ਜਮਦੂਤ ਦੁਖਦਾਈ ਭਾਰਾ,
ਏਕਤਾ ਦਾ ਮੰਤਰ ਫੂਕ ਲੁੱਟ ਹੀ ਉਡਾਉਣਗੇ।
ਖ਼ਾਲਸਾ ਜੀ ਪੰਥ ਗੁਰੂ ਦਸਵੇਂ ਦਾ ਸਾਜਿਆ ਜੋ,
ਇਸ ਦੇ ਅਕਾਲੀ ਝੰਡੇ ਹੇਠਾਂ ਸਭ ਨੂੰ ਲਿਆਉਣਗੇ।
ਰਹਿਤੀਏ, ਰਵਦਾਸੀਏ ਤੇ ਮਜ਼੍ਹਬੀ ਜੋ ਹੋਰ ਜ਼ਾਤਾਂ,
ਉਨ੍ਹਾਂ ਤਾਈਂ ਮੇਟ ਇਕੋ ਖ਼ਾਲਸਾ ਸਜਾਉਣਗੇ।

(ਇਹ ਨਜ਼ਮ 'ਖ਼ਾਲਸਾ ਬਰਾਦਰੀ' ਦੇ 10 ਤੋਂ 12 ਅਕਤੂਬਰ 1920 ਦੇ ਦਿਨ ਜਲ੍ਹਿਆਂ ਵਾਲਾ ਬਾਗ਼, ਅੰਮ੍ਰਿਤਸਰ ਵਿਚ ਹੋਣ ਵਾਲੇ ਦੀਵਾਨ ਦੇ ਇਸ਼ਤਿਹਾਰ ਵਿਚ ਛਪੀ ਸੀ। ਇਸ ਦੀਵਾਨ ਦੇ ਆਖ਼ਰੀ ਦਿਨ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ।)

ਹਾਇ ਪਕੜ ਕੇ ਜ਼ਿੰਦਾ ਜਲਾ ਦਿੱਤਾ

ਬਿਸ਼ਨ ਸਿੰਘ*

ਸਾਕਾ ਜਨਮ ਅਸਥਾਨ ਵਿਚ ਵਰਤਿਆ ਜੋ,
ਕੀਕੂੰ ਦੱਸ ਕੇ ਕਰਾਂ ਬਿਆਨ ਵੀਰੋ।
ਤਾਕਤ ਨਹੀਂ ਜੋ ਲੇਖਣੀ ਲਿਖ ਸਕੇ,
ਹਿੰਮਤ ਨਹੀਂ ਜੋ ਕਹੇ ਜ਼ਬਾਨ ਵੀਰੋ।
ਸੀਨਾ ਚਾਕ ਹੁੰਦਾ ਮੂੰਹੋਂ ਆਖਦਿਆਂ ਥੀਂ,
ਫਟੇ ਜ਼ਿਮੀਂ ਤੇ ਡਿੱਗੇ ਅਸਮਾਨ ਵੀਰੋ।
ਬਿਸ਼ਨ ਸਿੰਘ ਇਹ ਜ਼ੁਲਮ ਦੀ ਅੱਤ ਹੋਈ,
ਮਚੀ ਧੂਮ ਸਾਰੇ ਹਿੰਦੁਸਤਾਨ ਵੀਰੋ।

ਡਾਢਾ ਕਹਿਰ ਕੀਤਾ ਨਰੈਣ ਦਾਸ ਪਾਪੀ,
ਦਰਸ਼ਨ ਕਰਨ ਆਇਆਂ ਨੂੰ ਕੁਹਾ ਦਿੱਤਾ।
ਨਾਮ ਸਾਧ ਕਰਤੂਤ ਕਸਾਈਆਂ ਦੀ,
ਵਾਂਗ ਬੱਕਰੇ ਜ਼ਿਬਾਹ ਕਰਾ ਦਿੱਤਾ।
ਸਿੰਘਾਂ ਪਿਆਰਿਆਂ ਸਿਦਕੀ ਪ੍ਰੇਮੀਆਂ ਨੂੰ,
ਹਾਇ ਪਕੜ ਕੇ ਜ਼ਿੰਦਾ ਜਲਾ ਦਿੱਤਾ।
ਹੇ ਮਰਦੂਦ ਕੀ ਦੇਸੇਂ ਜਵਾਬ ਅੱਗੇ,
ਜੋ ਨਿਰਦੋਸ਼ਾਂ ਦਾ ਖ਼ੂਨ ਵਹਾ ਦਿੱਤਾ।

ਬਸ ਅੱਤ ਹੋਈ ਤੇਰੇ ਜ਼ੁਲਮ ਸੰਦੀ,
ਪੱਥਰ ਦਿਲ ਪਾਪੀ ਨਾ ਕੋਈ ਰਹਿਮ ਆਯਾ।
ਜਾ ਪੁੱਛ ਕੇ ਵੇਖ ਕਸਾਈਆਂ ਨੂੰ,
ਚਿੱਤ ਉਨ੍ਹਾਂ ਦੇ ਭੀ ਹੁੰਦੀ ਕੁਝ ਦਇਆ।
ਇਕੋ ਵੇਰ ਵੱਢ ਦੇਣ ਉਹ ਬੱਕਰੇ ਨੂੰ,
ਕਿਹਾ ਰੱਬ ਦੇ ਜੀਵ ਨੇ ਦੁੱਖ ਪਾਇਆ।
ਰੂਪ ਸਾਧ ਦਾ ਧਾਰ ਕੇ ਪਾਪੀਆ ਓਏ,
ਇਹ ਕੀ ਵਿਚ ਸੰਸਾਰ ਦੇ ਕਲੰਕ ਲਾਇਆ।

*ਚਕਵਾਲ

ਜਿਸ ਮਾਇਆ ਨੂੰ ਛੋਡ ਕੇ ਸਾਧ ਬਣਿਓਂ,
ਕਾਹਨੂੰ ਓਸ ਦੇ ਵਿਚ ਗਲਤਾਨ ਹੋਇਓਂ।
ਨਾਮ ਰੱਬ ਦਾ ਲੈਣਾ ਸੀ ਸਾਧ ਹੋ ਕੇ,
ਵਿਸ਼ੇ ਭੋਗ ਦੇ ਵਿਚ ਮਸਤਾਨ ਹੋਇਓਂ।
ਨਾਰੀ ਘਰ ਦੀ ਤਜੀ ਫ਼ਕੀਰ ਹੋ ਕੇ,
ਰੱਖ ਮਿਰਾਸਣਾਂ ਨਸ਼ਰ ਜਹਾਨ ਹੋਇਓਂ।
ਦੱਸ ਇਸ ਫ਼ਕੀਰੀ ਤੋਂ ਖੱਟਿਆ ਕੀ,
ਭਗਵਾ ਵੇਸ ਬਾਹਰੋਂ ਦਿਲ ਸ਼ੈਤਾਨ ਹੋਇਓਂ।

(ਪੰਜਾਬ ਦਰਪਣ, ਅੰਮ੍ਰਿਤਸਰ, 10 ਮਾਰਚ 1921)

ਸ਼ਹੀਦ ਵੀਰ ਨੂੰ ਭੈਣ ਦਾ ਸੁਨੇਹਾ

ਸੰਤੋਖ ਸਿੰਘ

(ਲਾਸ਼ ਪਹਿਚਾਣ ਕੇ)
ਐ ਵੀਰ ਮੈਂ ਤੈਨੂੰ ਪਛਾਣ ਲੀਤਾ,
ਜੋੜ ਜੋੜ ਕੇ ਟੁਕੜੇ ਨਾਲ ਤੇਰੇ।
ਹੋਲੀ ਪ੍ਰੇਮ ਦੀ ਖੇਡੀ ਤੈਂ ਵੀਰ ਮੇਰੇ,
ਲਹੂ ਨਾਲ ਰੰਗੇ ਵਾਲ ਵਾਲ ਤੇਰੇ।
ਮੈਨੂੰ ਦੱਸ ਕੇ ਆਯਾ ਨਾ ਵੀਰ ਮੇਰੇ,
ਮੈਂ ਵੀ ਆਂਵਦੀ ਚੱਲ ਕੇ ਨਾਲ ਤੇਰੇ।
ਪਾਈ ਏਡੀ ਸ਼ਹੀਦੀ ਤੈਂ ਵੱਖਰੀ ਏ,
ਜੰਮੀ ਪਲੀ ਤਾਂ ਮੈਂ ਵੀ ਨਾਲ ਤੇਰੇ।

ਇਹ ਤਾਂ ਆਖਦਾ ਹੁੰਦਾ ਸੀ ਵੀਰ ਮੇਰੇ,
ਕਦੇ ਗੱਜ ਨਾਨਕਾਣੇ ਨੂੰ ਜਾਵਣਾ ਏ।
ਐਪਰ ਮੈਨੂੰ ਨਾ ਪੈਂਦੀ ਸੀ ਸਮਝ ਉੱਕਾ,
ਸੀਸ ਲਾਇ ਕੇ ਪ੍ਰੀਤਮ ਨੂੰ ਪਾਵਣਾ ਏ।
ਮੈਨੂੰ ਨਾਲ ਸੀ ਲਾਵਣਾ ਵੀਰ ਏਥੇ,
ਫਿਰ ਫਿਰ ਸਮਾਂ ਅਜਿਹਾ ਨਾ ਆਵਣਾ ਏ।
ਮੇਰੇ ਵੀਰ ਮੈਂ ਸਦਕੇ ਕੁਰਬਾਨ ਤੈਥੋਂ,
ਸੀਸ ਗੁਰੂ ਦੇ ਦੁਆਰ 'ਤੇ ਲਾਵਣਾ ਏ।

(ਪੰਜਾਬ ਦਰਪਣ, 12 ਮਾਰਚ 1921)

ਫਿਟਕਾਰ ਓ ਮਹੰਤ ਤੇਰੇ ਉਦਾਸੀਪੁਣੇ 'ਤੇ

ਸੰਤੋਖ ਸਿੰਘ

ਪੀਨੈਂ ਸ਼ਰਾਬ, ਨਾਲ ਰੱਖਣਾ ਮਿਰਾਸਣੀ ਨੂੰ,
ਲਾਹਨਤ ਧਿੱਕਾਰ ਤੇਰੀ ਗੰਦੀ ਇਹ ਉਦਾਸੀ ਏ।
ਬੋਤਲਾਂ ਉਡਾਈਆਂ ਅਤੇ ਰੰਡੀਆਂ ਨਚਾਈਆਂ,
ਫਿਟਕਾਰ ਤੇਰੀ ਨਾਨੀ ਤੇ ਬੇਦੀਨ ਤੇਰੀ ਮਾਸੀ ਏ।
ਪੰਥ ਦੇ ਰੁਪਏ ਖਾ ਕੇ ਕੀਤੇ ਨੀ ਵਿਕਾਰ ਢੇਰ,
ਸਹਿ ਜੰਮ ਦੰਡ ਹੁਣ ਚੜ੍ਹ ਝਬ ਫ਼ਾਂਸੀ 'ਤੇ।
ਗੱਜਣਗੇ ਨੀ ਸਿੰਘ ਹੁਣ ਵਿਚ ਨਾਨਕਾਣੇ ਸਭ,
ਲਾਇਆ ਤੈਂ ਕਲੰਕ ਸਾਰੇ ਭੇਖੜੇ ਉਦਾਸੀ 'ਤੇ।

(ਪੰਜਾਬ ਦਰਪਣ, 15 ਮਾਰਚ 1921)

ਬੀਰ ਲਛਮਣ ਦੇ ਵਾਂਗ ਸ਼ਹੀਦ ਹੋਣਾ

ਕਰਮ ਸਿੰਘ ਪ੍ਰਦੇਸੀ ਖ਼ਾਲਸਾ*

ਵੇਖੀ ਅਜਬ ਦੋਰੰਗੀ ਦੀ ਚਾਲ ਤੇਰੀ,
ਕਿਹਾ ਰੱਖਿਆ ਜਾਲ ਖਿਲਾਰ ਚੰਗਾ।
ਉੱਤੇ ਹੇਜਲਾ ਅੰਦਰੋਂ ਪੀਏਂ ਰੀਂਜਾਂ,
ਤੇਰੇ ਹੇਜ ਤੋਂ ਫੱਟ ਤਲਵਾਰ ਚੰਗਾ।
ਛੱਡੀ ਛਾਹ ਤੇਰੀ ਹਟਕ ਕੁੱਤਿਆਂ ਨੂੰ,
ਰੱਜ ਵੇਖਿਆ ਤੇਰਾ ਪਿਆਰ ਚੰਗਾ।
ਗੁੱਥੀ ਘੱਤ ਦੁਹਾਈ ਜੋ ਫਿਰੇਂ ਚੁੱਕੀ,
ਤੇਰੀ ਦਵਾ ਤੋਂ ਬਿਨਾਂ ਬੀਮਾਰ ਚੰਗਾ।
ਸੱਚੀ ਕੌਮ ਦੀ ਕੀਤਿਆਂ ਬਾਝ ਸੇਵਾ,
ਕਿਸੇ ਨਹੀਂ ਅਖੌਣਾਂ ਸਰਦਾਰ ਚੰਗਾ।
ਕੌਮ ਵੇਚ ਕੇ ਇੱਜ਼ਤਾਂ ਲਈ ਬੈਠੇ,
ਦਰਜੇ ਲੱਖ ਸੀ ਹੋਣਾ ਖੁਆਰ ਚੰਗਾ।
ਫਿਟ ਜੀਵਿਆਂ ਐਸਾ ਜਹਾਨ ਅੰਦਰ,
ਜਿਨ੍ਹਾਂ ਬੰਦਿਆਂ ਤੋਂ ਮੁਰਦਾਰ ਚੰਗਾ।
ਛੱਡੋ ਖਹਿੜਾ ਹੁਣ ਗਿਆਂ ਗੁਆਤਿਆਂ ਦਾ,
ਕਰਨਾ ਇਨ੍ਹਾਂ 'ਤੇ ਨਹੀਂ ਇਤਬਾਰ ਚੰਗਾ।
ਚੰਗਾ ਧਰਮ ਤੋਂ ਜਾਨ੍ਹ ਨੂੰ ਵਾਰ ਦੇਣਾ,
ਕੌਮ ਸੇਵਾ ਦੇ ਨਾਲ ਪਿਆਰ ਚੰਗਾ।
ਬੀਰ ਲਛਮਣ ਦੇ ਵਾਂਗ ਸ਼ਹੀਦ ਹੋਣਾ,
ਗੁਰਧਾਮਾਂ ਦਾ ਕਰਨਾ ਸੁਧਾਰ ਚੰਗਾ।
ਅੰਗ ਅੰਗ ਕਟਵਾ ਕੇ ਵਿਚ ਅੱਗ ਸੜਨਾ,
ਵਲੋਂ ਸੇਵਕਾਂ ਕਰਨਾ ਨਾ ਵਾਰ ਚੰਗਾ।
ਪੰਥ ਪੰਜ ਹਜ਼ਾਰ ਦੀ ਮੰਗ ਕੀਤੀ,
ਹਾਜ਼ਰ ਸੀਸ ਨਿਜ ਕਰਨਾ ਉਤਾਰ ਚੰਗਾ।
ਹੋਵੋ ਤਯਾਰ ਸਭ ਸਮਾਂ ਨਾ ਬੀਤ ਜਾਵੇ,
ਜੰਮਣ ਮਰਨ ਨਹੀਂ ਵਾਰ ਵਾਰ ਚੰਗਾ।

*ਕੁਆਲਾ ਲੰਪਰ

ਇਕ ਭੈਣ ਦੀ ਆਹ

ਗੁਰਬੁਧ ਕੌਰ*

ਪਿਆਰੇ ਵੀਰਾਂ ਨੇ ਧਰਮ ਦੀ ਆਨ ਖ਼ਾਤਰ,
ਨਦੀ ਖ਼ੂਨ ਦੀ ਅੱਤ ਵਹਾਈ ਹੈ ਜੀ।
ਏਸ ਦੁਸ਼ਟ ਮਹੰਤ ਨੇ ਕਹਿਰ ਕੀਤਾ,
ਸਾਰੀ ਕੌਮ ਚਾ ਅੱਤ ਦੁਖਾਈ ਹੈ ਜੀ।
ਤੇਰਾ ਖ਼ੌਫ਼ ਚਾ ਦਿਲੋਂ ਵਿਸਾਰਿਆ ਨੇ,
ਕੈਸੀ ਜ਼ਾਲਮਾਂ ਨੇ ਅੱਤ ਚਾਈ ਹੈ ਜੀ।
ਪਿਆਰੇ ਵੀਰਾਂ ਨੂੰ ਜਿੰਦੇ ਜਲਾਇਆ ਨੇ,
ਕੀਤੀ ਜ਼ਾਲਮਾਂ ਬੜੀ ਅਨਿਆਈ ਹੈ ਜੀ।
ਗੁਰੂ ਮਾਰਿਆਂ ਨੇ ਕੇਡਾ ਕਹਿਰ ਕੀਤਾ,
ਅਤੇ ਪਾਪੀਆਂ ਧੂੰਮ ਮਚਾਈ ਹੈ ਜੀ।
ਦੋ ਸੌ ਵੀਰਾਂ ਨੂੰ ਜ਼ਾਲਿਮ ਸ਼ਹੀਦ ਕੀਤਾ,
ਕਾਲੀ ਘਟਾ ਚੁਫੇਰਿਓਂ ਛਾਈ ਹੈ ਜੀ।
ਸਤਿਗੁਰ ਰੱਖ ਲਓ ਆਨ ਹੁਣ ਖ਼ਾਲਸੇ ਦੀ,
ਵੀਰਾਂ ਬੜੀ ਸ਼ਹੀਦੀ ਹੁਣ ਪਾਈ ਹੈ ਜੀ।
ਵੇਲਾ ਬਹੁੜਨੇ ਦਾ, ਹੁਣ ਤਾਂ ਬਹੁੜ ਸਤਿਗੁਰ,
ਮੇਰੀ ਆਪ ਦੇ ਅੱਗੇ ਦੁਹਾਈ ਹੈ ਜੀ।

(ਅਕਾਲੀ ਗੂੰਜ, ਸ.ਫਾ 27-28)

*ਰਾਜਾ ਸਾਂਸੀ

ਕੁਰਬਾਨੀਆਂ ਦਾ ਮੁੱਢ ਯਾ ਅੰਤ

ਰਾਹੀ

ਅਸਾਂ ਸਮਝਿਆ "ਦੋ ਸੌ ਕੁਰਬਾਨ ਹੋਏ,
ਵੇਲਾ ਮੁੱਕ ਗਇਆ ਕਸ਼ਟ ਝੱਲਣੇ ਦਾ।"
ਤੁਸਾਂ ਆਖਿਆ, "ਨਾਹੀਂ, ਅਰੰਭ ਹੋਇਆ,
ਡਾਕੇ, ਚੋਰੀਆਂ ਦੇ ਕੇਸ ਚੱਲਣੇ ਦਾ।"
ਅਸਾਂ ਸਮਝਿਆ "ਅਕਲ ਸਰਕਾਰ ਕਰਸੀ,
ਚਾਲਾ ਕਰੇਗੀ ਜੋਸ਼ ਠਲ੍ਹਣੇ ਦਾ।"
ਐਪਰ ਤੁਸਾਂ ਉਭਾਰਿਆ ਦੇਇ ਚਾਲਾਂ,
ਕੌਮ ਖ਼ਾਲਸਾ ਨੂੰ ਪਿੜ ਮੱਲਣੇ ਦਾ।
ਸਾਰੀ ਕੌਮ ਦੀ ਇਕੋ ਆਵਾਜ਼ ਉਠੀ,
"ਕਦੇ ਨਹੀਂ ਹੋਣਾ, ਧਰਮ ਦੇਇ ਬਹੀਏ।"
ਧਰਮ ਮੰਗਦਾ, ਕੈਦ ਤੇ ਫ਼ਾਂਸੀਆਂ ਜੇ,
ਰਲ ਕੇ ਜੇਲ੍ਹ-ਖ਼ਾਨੇ ਸਾਰੇ ਭਰ ਦੇਈਏ।
ਗੋਲੀ ਮਾਰ ਕੇ ਜੋ ਕਿਸੇ ਤ੍ਰਿਪਤ ਹੋਣਾ,
"ਬੱਤੀ ਲੱਖ ਛਾਤੀ" ਅੱਗੇ ਡਾਹ ਦੇਈਏ।
ਹੱਥ ਚੁੱਕਣਾ ਨਾ, ਅੰਦਰ ਲੁਕਣਾ ਨਾ,
ਧਰਮ ਛੋਡੀਏ ਨਾ, ਧਰਤ ਪਏ ਪਈਏ।

(ਅਕਾਲੀ ਗੂੰਜ, ਸਫ਼ਾ 26)

ਅਕਾਲੀ ਫੈਹਰਿਸਤੇ* ਕਿ ਡਾਕੂ?

ਸੰਤੋਖ ਸਿੰਘ

ਜਿਸ ਦਾ ਨਾਮ 'ਅਕਾਲੀ' ਅਕਾਲ ਵਾਲਾ,
ਉਸ ਨੂੰ ਕੌਣ ਇਨਸਾਨ ਭੁਲਾਇ ਸਕਦਾ।
ਜਿਹੜਾ ਬਦੀ, ਸ਼ੈਤਾਨੀ ਨੂੰ ਬਾਹਰ ਕੱਢੇ,
ਉਸ ਨੂੰ ਕੌਣ ਫਿਰ ਡਾਕੂ ਬੁਲਾਇ ਸਕਦਾ।
ਧਰ ਪੈਣ ਤੇ ਧਰਮ ਨਾ ਛੋੜਨੇ ਦੀ,
ਜਿਨ੍ਹਾਂ ਠਾਨ ਲਈ, ਕੌਣ ਧਮਕਾਇ ਸਕਦਾ।
ਧਰਮੀ ਆਤਮਾ ਜਿਹੜੇ ਆਜ਼ਾਦ ਰੱਖਦੇ,
ਦੇਹ ਜੇਲ੍ਹ ਪਾ ਕੌਣ ਭੁਲਾਇ ਸਕਦਾ।

(ਪੰਜਾਬ ਦਰਪਣ, ਅੰਮ੍ਰਿਤਸਰ, 29 ਮਾਰਚ 1921)

*ਫੈਹਰਿਸਤੇ=ਫ਼ਰਿਸ਼ਤੇ

ਕਿਰਪਾਨ

ਮੁਕੰਦ ਸਿੰਘ*

ਇਹ ਕਿਰਪਾਨ ਸਾਡੀ ਜਿੰਦ ਜਾਨ ਸਾਡੀ,
ਅਤੇ ਏਹੋ ਹੀ ਸਾਡੜੀ ਆਨ ਸਮਝੋ।
ਇਹਦੇ ਲਈ ਹੀ ਅਸਾਂ ਨੇ ਸੀਸ ਦਿੱਤੇ,
ਸਹੇ ਤਨ 'ਤੇ ਕਸ਼ਟ ਮਹਾਨ ਸਮਝੋ।
ਵੀਰ ਏਸ ਦੇ ਲਈ ਹੀ ਗਏ ਜੇਹਲੀਂ,
ਨੌਕਰਸ਼ਾਹੀ ਦੇ ਬਣੇ ਮਹਿਮਾਨ ਸਮਝੋ।
ਬਿਨਾਂ ਏਸ ਦੇ ਮਿਲੇ ਸਵਰਾਜ ਨਾਹੀਂ,
ਫ਼ਤਹਿ ਹੋਏ ਨਾ ਸ਼ਾਂਤ ਮੈਦਾਨ ਸਮਝੋ।

(ਪਰਦੇਸੀ ਖ਼ਾਲਸਾ, 14 ਮਈ 1922)

*ਗੁਜਰਖ਼ਾਨ ਹਾਲ ਅੰਮ੍ਰਿਤਸਰ।

ਕਿਰਪਾਨ ਦਾ ਸਾਈਜ਼ ਕੋਈ ਨਹੀਂ ਘਟਾ ਸਕਦਾ

ਸੰਤੋਖ ਸਿੰਘ

ਸੂਰਜ ਤਾਰੇ ਸਭ ਚਮਕਦੇ ਕੁਦਰਤੀ ਉਹ,
ਕੋਈ ਸਾਈਜ਼ ਨਾ ਉਨ੍ਹਾਂ ਘਟਾ ਸਕਦਾ।
ਕੰਨ, ਨੱਕ ਤੇ ਅੱਖਾਂ ਜੋ ਕੁਦਰਤੀ ਹਨ,
ਕੋਈ ਢੰਗ ਨਾ ਉਨ੍ਹਾਂ ਵਟਾ ਸਕਦਾ।
ਨਾੜ ਨਾੜ ਜੋ ਦੇਹੀ ਦੇ ਵਿਚ ਲੱਗੀ,
ਲਹੂ ਵਗੇ ਜੇ ਕੋਈ ਕਟਾ ਸਕਦਾ।
ਇਸੇ ਤਰ੍ਹਾਂ ਕਿਰਪਾਨ ਏਹ ਕੁਦਰਤੀ ਹੈ,
ਨਾ ਕੋਈ ਹਟਾ ਸਕਦਾ, ਨਾ ਘਟਾ ਸਕਦਾ।

(ਅਕਾਲੀ ਗੂੰਜ, ਸਫ਼ਾ 218)

ਮੇਰੇ ਗਾਤਰੇ ਸਦਾ ਕਿਰਪਾਨ ਰਹਿਸੀ

ਸਾਰਸ

ਜੇ ਖੜਗ ਦੇ ਵਾਸਤੇ ਮਿਲੀ ਸੂਲੀ,
ਸਦਾ ਸਿਖ ਹੁੰਦਾ ਕੁਰਬਾਨ ਰਹਿਸੀ।
ਜਿਸ ਨੇ ਬਰਕਤਾਂ ਪਾਈਆਂ ਵਿਚ ਸਾਡੇ,
ਅੰਗ ਸੰਗ ਸਜਿਆ ਉਹ ਨਿਸ਼ਾਨ ਰਹਿਸੀ।
ਕਾਹਨੂੰ ਬੰਦਸ਼ਾਂ ਪਏ ਲਗਾਂਵਦੇ ਹੋ,
ਸਾਡੇ ਮਨਾਂ ਵਿਚ ਗੁਰੂ ਦੀ ਆਨ ਰਹਿਸੀ।
ਅੱਡ ਸਮਝ ਨਹੱਕ ਨ ਫੜੋ ਭਾਵੇਂ,
ਸਾਡੀ ਜਾਨ ਦੇ ਨਾਲ ਕਿਰਪਾਨ ਰਹਿਸੀ।
ਭਲਾ ਗੱਲ ਭਵਿੱਖਤ ਦੀ ਕੌਣ ਜਾਣੇ,
ਚੰਡੀ ਬਾਹਰ ਰਹਿਸੀ ਜਾਂ ਮਿਆਨ ਰਹਿਸੀ।
ਸ਼ਾਂਤਮਈ ਦਾ ਹੁਕਮ ਹੈ ਕੌਮ ਵੱਲੋਂ,
ਤਾਬਿਆ ਬਾਲ ਬੁੱਢਾ ਤੇ ਜਵਾਨ ਰਹਿਸੀ।
ਭਾਵੇਂ ਕੈਦ ਹੋਵਾਂ ਭਾਵੇਂ ਮਿਲੇ ਫਾਂਸੀ,
ਚਾਹੇ ਨਿਤ ਦਿਹਾੜੇ ਚਲਾਨ ਰਹਿਸੀ।
ਜਦੋਂ ਤੀਕ ਕਿਰਪਾਨ ਆਜ਼ਾਦ ਨਾਹੀਂ,
ਤਦੋਂ ਤੀਕ ਇਹ ਸ਼ੁਰੂ ਘਮਸਾਨ ਰਹਿਸੀ।
ਬੰਦੀਖ਼ਾਨਿਆਂ ਵਿਚ ਹੈ ਮੌਜ ਸਾਨੂੰ,
ਬਣੀ ਸੂਰਮਿਆਂ ਦੀ ਜਿਥੇ ਸ਼ਾਨ ਰਹਿਸੀ।
ਬੰਧਨ ਗੁਰਾਂ ਦੇ ਨੂੰ ਦਿੱਤੀ ਕੰਡ ਜਿਸ ਨੇ,
ਥੋੜ੍ਹੇ ਦਿਨ ਹੀ ਉਹ ਭਲਵਾਨ ਰਹਿਸੀ।
ਮੈਨੂੰ ਕਿਸੇ ਦੇ ਦਿਲ ਦਾ ਪਤਾ ਨਾਹੀਂ,
ਜਿੰਦ ਆਪਣੀ ਨਾਲ ਜਹਾਨ ਰਹਿਸੀ।
ਹੱਥੀਂ ਆਪਣੀ ਪਾਈ ਸਤਿਗੁਰੂ ਜੀ ਨੇ,
ਮੇਰੇ ਗਾਤਰੇ ਸਦਾ ਕਿਰਪਾਨ ਰਹਿਸੀ।

(ਰੋਜ਼ਾਨਾ ਅਕਾਲੀ, 30 ਮਈ 1922)

ਸਾਡੇ ਫੱਟ ਪੁਰਾਣੇ ਤਾਂ ਹੌਣ ਦੇਂਦੋਂ!

ਸ. ਅਮਰ ਸਿੰਘ*

ਕੁੱਠੇ ਗਏ ਜਿਥੇ ਸਾਡੇ ਵੀਰ ਬਾਂਕੇ,
ਬੈਠ ਤਿਨ੍ਹਾਂ ਸਿਰਹਾਣੇ ਤਾਂ ਰੋਣ ਦੇਂਦੋਂ।
ਮੇਰੇ ਵੀਰਾਂ ਦਾ ਬਣੇ ਨਿਸ਼ਾਨ ਓਥੇ,
ਇੱਟਾਂ ਓਸ ਟਿਕਾਣੇ ਤਾਂ ਢੋਣ ਦੇਂਦੋਂ।
ਝਗੜਾ ਛੇੜਿਆ ਨਵਾਂ ਕਿਰਪਾਨ ਵਾਲਾ,
ਪਲਕ ਗੁਰੂ ਦੇ ਭਾਣੇ ਤਾਂ ਸੌਣ ਦੇਂਦੋਂ।
ਤਾਜ਼ੇ ਘਾ† ਉੱਤੇ ਲੂਣ ਛਿੜਕਣਾ ਏਂ,
ਸਾਡੇ ਫੱਟ ਪੁਰਾਣੇ ਤਾਂ ਹੌਣ ਦੇਂਦੋਂ।

(ਅਕਾਲੀ ਗੂੰਜ, ਸਫ਼ਾ 31)

*ਖੋੜੀ, ਗੁਜਰਾਤ
†ਘਾ=ਘਾਓ

ਖੁੱਲ੍ਹੇ ਦਾੜ੍ਹੇ ਨੂੰ ਜੁਰਮ ਬਣਾਣ ਲੱਗੇ

ਬੱਧਾ ਸ਼ੇਰ

ਕਿਥੇ ਵੇਲਾ ਸੁਨਹਿਰੀ ਓਹ ਖ਼ਾਲਸੇ ਦਾ,
ਲੋਕੀਂ ਪਾਲ ਕੇ ਦਾੜ੍ਹੇ ਵਧਾਂਵਦੇ ਸੀ।
ਹਰੀ ਸਿੰਘ ਤੇ ਸ਼ੇਰ ਸਿੰਘ ਯੋਧਿਆਂ ਦੇ,
ਸੁੰਦਰ ਦਾੜ੍ਹਿਆਂ 'ਤੇ ਰਸ਼ਕਾਂ ਖਾਂਵਦੇ ਸੀ।
ਧੁੰਨੀ ਤੀਕ ਭਰਵੇਂ ਚਮਕਦਾਰ ਦਾੜ੍ਹੇ,
ਦਰਸ਼ਨ ਨਾਲ ਹੀ ਦੁਸ਼ਟ ਥੱਰਰਾਂਵਦੇ ਸੀ।
ਬੱਬਰ ਸ਼ੇਰ ਮਹਾਰਾਜ ਰਣਜੀਤ ਹੀਰੇ,
ਐਸੇ ਬੀਰ ਬਹੁ ਬਖ਼ਸ਼ਿਸ਼ਾਂ ਪਾਂਵਦੇ ਸੀ।

ਹਾਇ! ਹਾਇ! ਹੁਣ ਕਹਿਰ ਇਹ ਹੋਣ ਲੱਗੈ,
ਲੰਮੇ ਦਾੜ੍ਹੇ ਨੂੰ ਜੁਰਮ ਬਣਾਣ ਲੱਗੇ।
ਸਿੰਘਾਂ ਬੀਰ ਬਹਾਦਰਾਂ ਫ਼ੌਜੀਆਂ ਨੂੰ,
ਦਾੜ੍ਹੇ-ਜੁਰਮ ਬਦਲੇ ਜੇਲ੍ਹਾਂ ਪਾਣ ਲੱਗੇ।
ਦਾੜ੍ਹਾ ਖੋਲ੍ਹ ਕੇ ਰੱਖਣਾ ਹੁਕਮ ਗੁਰੂ ਦਾ,
ਇਸ ਦੇ ਤੋੜਨੇ ਨੂੰ ਜ਼ੋਰ ਲਾਣ ਲੱਗੇ।
ਕਲਗੀ ਵਾਲੜੇ ਦੇ ਸ਼ੇਰਾਂ ਤਾਈਂ ਦਾੜ੍ਹਾ,
ਜਕੜਨ ਲਈ ਮਜਬੂਰ ਕਰਾਣ ਲੱਗੇ।

ਪਹਿਲੇ ਫ਼ੌਜੀਆਂ ਉੱਤੇ ਕਿਰਪਾਨ ਬਦਲੇ,
ਨੌਕਰਸ਼ਾਹੀ ਨੇ ਮਿਹਰ ਮਹਾਨ ਕੀਤੀ।
ਖ਼ਿਦਮਤ ਭੁੱਲ ਕੇ ਕਈ ਮੌਕੂਫ਼ ਕੀਤੇ,
ਚੱਕੀ ਜੇਲ੍ਹ ਦੀ ਕਈਆਂ ਨੂੰ ਦਾਨ ਕੀਤੀ।
ਦਾੜ੍ਹੇ ਲਈ ਹੁਣ ਕੈਦ ਦੇ ਦੰਡ ਦਿੱਤੇ,
ਕੇਸਾਂ ਵਾਸਤੇ ਸੜਕ ਆਸਾਨ ਕੀਤੀ।
ਐਸੇ ਹਾਲ ਅੰਦਰ ਕੇਸਾਂ ਲਈ ਛੇਤੀ,
ਸਮਝੋ ਆਗਿਆ ਕੋਈ ਪਰਦਾਨ ਕੀਤੀ।

ਨੌਕਰਸ਼ਾਹੀਏ! ਮਿੱਠੀਏ ਫਾਹੀਏ ਨੀ,
ਚਾਹੀਏ ਸਾਹ ਲੈਣਾ, ਹੁਣ ਤਾਂ ਹੱਦ ਹੋਈ।
ਧੱਕੇ ਨਾਲ ਨਾ ਰਾਜ-ਜੜ੍ਹ ਕਾਇਮ ਰਹਿੰਦੀ,
ਤੇਰੀ ਕਿਉਂ ਅਪੁੱਠੜੀ ਮਤ ਹੋਈ।
ਫ਼ੌਜੀ ਸਿੰਘਾਂ ਦੀ ਲੋੜ ਜੇ ਨਹੀਂ ਤੈਨੂੰ,
ਖ਼ੁਸ਼ੀ ਨਾਲ ਭੇਜ, ਜਾਣੀਏ ਗਤ ਹੋਈ।
ਕਾਹਨੂੰ ਜ਼ਖ਼ਮ ਤੇ ਜ਼ਖ਼ਮ ਪਈ ਲਾਵਨੀ ਏਂ,
ਸਾਡਾ ਨੈਣ ਜਲ ਵੀ ਹੁਣ ਤਾਂ ਰੱਤ ਹੋਈ।

(ਅਕਾਲੀ ਗੂੰਜ, ਸਫ਼ਾ 218)

ਕਾਲਾ ਦਸਤਾਰਾ ਖ਼ੂਬ ਸੋਭਦਾ ਹੈ

ਸੰਤੋਖ ਸਿੰਘ

ਸਿਰ ਉੱਤੇ ਕਾਲਾ ਦਸਤਾਰਾ ਖ਼ੂਬ ਸੋਭਦਾ ਹੈ,
ਕਾਲੀ ਘਟਾ ਬੰਨ੍ਹ ਮਾਨੋ ਤੋਪ ਬੀੜ ਆਂਦੀ ਹੈ।
ਵੈਰੀਆਂ ਦੀ ਛਾਤੀ ਵੇਖ ਕੰਬਦੀ ਹੈ ਥਰ ਥਰ,
ਮੂੰਹ ਉੱਤੋਂ ਲਾਲੀ ਉਸੇ ਘੜੀ ਉੜ ਜਾਂਦੀ ਹੈ।
ਉਂਝ ਸਾਨੂੰ 'ਕਾਲਾ' ਕਹਿੰਦੇ ਕਾਲਾ ਦਸਤਾਰਾ ਵੇਖ,
ਡਰ ਕਾਹਨੂੰ ਲੱਗੇ ਅਤੇ ਹੋਸ਼ ਕਿਉਂ ਨਾ ਰਹਿੰਦੀ ਹੈ।
ਕਾਲੇ ਦਸਤਾਰੇ ਸਾਡੇ ਬੰਨ੍ਹਦੇ ਸ਼ਹੀਦ ਆਏ,
ਕਾਲੇ ਜੰਡ ਭਰੇ ਹੋਏ ਯਾਦ ਏਹ ਦਿਲਾਂਦੀ ਹੈ।

(ਪਰਦੇਸੀ ਖ਼ਾਲਸਾ, 11 ਜੂਨ 1922)

ਸਾਨੂੰ ਕੈਦ ਦਾ ਡਰ ਵਿਖਾ ਨਾਹੀਂ

ਮਾਨ ਸਿੰਘ 'ਮੁਸਾਫ਼ਿਰ'

ਨੌਕਰਸ਼ਾਹੀਏ ! ਕਰੀਂ ਨਾ ਮਾਣ ਐਡਾ,
ਸਾਨੂੰ ਸਤਿਆਂ ਨੂੰ ਹੋਰ ਸਤਾ ਨਾਹੀਂ।
ਅਸਾਂ ਮਰਨ ਨੂੰ ਇਕ ਹੈ ਖੇਲ ਜਾਤਾ,
ਸਾਨੂੰ ਘੂਰਨੀਆਂ ਦੇ ਡਰਾ ਨਾਹੀਂ।
ਸਿਰ ਕੱਟ ਕੇ ਤਲੀ 'ਤੇ ਅਸਾਂ ਧਰਿਆ,
ਸਾਨੂੰ ਕੈਦ ਦਾ ਡਰ ਦਿਖਾ ਨਾਹੀਂ।
ਪਿਆਰੀ ਜਾਨ ਤੋਂ ਇਹ ਕਿਰਪਾਨ ਸਾਨੂੰ,
ਗਲੋਂ ਸਾਡਿਓਂ ਏਸ ਨੂੰ ਲਾਹ ਨਾਹੀਂ।
ਚੰਗਾ ਕੰਮ ਨਾ ਧਰਮ ਵਿਚ ਦਖ਼ਲ ਦੇਣਾ,
ਵੱਟਾ ਨਾਮ 'ਇਨਸਾਨ' ਨੂੰ ਲਾ ਨਾਹੀਂ।
ਮਦਦ ਕਰ ਕੇ ਲੁੱਚਿਆਂ ਲੁੰਡਿਆਂ ਦੀ,
ਵਿਚ ਪੱਥਰਾਂ ਸਿਰ ਅੜਾ ਨਾਹੀਂ।
ਗੁਰਦੁਆਰਿਆਂ ਵਿਚ ਕੀ ਕੰਮ ਤੇਰਾ,
ਮੰਨ ਮੰਨੇ ਕਾਨੂੰਨ ਬਣਾ ਨਾਹੀਂ।

(ਰੋਜ਼ਾਨਾ ਅਕਾਲੀ, ਲਾਹੌਰ, 30 ਜੂਨ 1922)

ਫੇਲ੍ਹ ਕਰ ਦੇਣਾ ਤੇਰੀ ਇਕ ਸੌ ਚੁਤਾਲੀ ਨੂੰ

ਜਵਾਹਰ ਸਿੰਘ*

ਕੱਢ ਕੇ ਐਲਾਨ, ਤੂੰ ਤੂਫ਼ਾਨ ਹੈਂ ਮਚਾਣ ਲੱਗੀ,
ਲੋਕਾਂ ਨੂੰ ਸੁਣਾਵੇਂ ਮੇਲੇ ਜਾਵੋ ਨਾ ਦੀਵਾਲੀ ਨੂੰ।
ਡੌਂਡੀ ਪਿਟਵਾਈ, ਅੱਤ ਚਾਈ ਤੇ ਧੁਮਾਈ ਧੂੜ,
ਵਾਹੋ ਦਾਹੀ ਜਾਨੀਏਂ ਵਜਾਈ ਸੰਖ ਖ਼ਾਲੀ ਨੂੰ।
ਕਰ ਲੈ ਧਿਆਨ ਖੜਾ ਸੀਸ 'ਤੇ ਕਮਾਨ ਤਾਨ,
ਅੱਖਾਂ ਖੋਲ੍ਹ ਵੇਖ ਪੰਥ ਖ਼ਾਲਸੇ ਦੇ ਵਾਲੀ ਨੂੰ।
ਕਰਦੀ ਹੈ ਬੰਦ ਗੁਰਧਾਮਾਂ ਦੀ ਜੋ ਯਾਤਰਾ ਨੂੰ,
ਫੇਲ੍ਹ ਕਰ ਦੇਣਾ ਤੇਰੀ ਇਕ ਸੌ ਚੁਤਾਲੀ ਨੂੰ।

(ਬੱਬਰ ਸ਼ੇਰ, ਅੰਮ੍ਰਿਤਸਰ, 7 ਨਵੰਬਰ 1923)

*ਗ੍ਰੰਥੀ, ਅਕਾਲ ਤਖ਼ਤ ਸਾਹਿਬ।

ਜੇਲ੍ਹ ਕਿ ਬੈਕੁੰਠ

ਇਕ ਜੇਲ੍ਹ ਵਾਸੀ

ਆਓ ਵੱਸੀਏ ਜੇਲ੍ਹ ਵਿਚ ਖ਼ਾਲਸਾ ਜੀ,
ਰਹਿਣ ਲਈ ਹੁਣ ਥਾਉਂ ਨਾ ਹੋਰ ਕੋਈ।
ਰੱਬ ਵਾਲਿਆਂ ਦੇ ਐਥੇ ਲੱਗੇ ਡੇਰੇ,
ਹੁਣ ਤਾਂ ਨਜ਼ਰ ਨਾ ਆਂਵਦਾ ਚੋਰ ਕੋਈ।
ਮੌਜ ਲੱਗੀ ਸਤਸੰਗ ਦੀ ਖ਼ੂਬ ਐਥੇ,
ਚੁੱਪ, ਸ਼ਾਂਤ ਨਾ ਪਾਂਵਦਾ ਸ਼ੋਰ ਕੋਈ।
ਸੱਚੇ ਗੁਰੂ ਦੇ ਸਿਖ ਤਾਂ ਈਹੋ ਸਮਝਣ,
ਇਹੋ ਸਵਰਗ ਨਾ ਦੂਸਰਾ ਹੋਰ ਕੋਈ।

(ਅਕਾਲੀ ਗੂੰਜ, ਸਫ਼ਾ 49)

ਅਜੇ ਤੀਕ ਨਾ ਕੀਤਾ ਗ੍ਰਿਫ਼ਤਾਰ ਮੈਨੂੰ

ਜੋਗਿੰਦਰ ਸਿੰਘ ਘਾਲੀ*

ਦੋਸਤ ਦਿਨਾਂ ਦੇ ਜਿਹਲ ਵਿਚ ਕਰਨ ਮੌਜਾਂ,
ਸਿਰ 'ਤੇ ਪੈ ਗਿਆ ਕੌਮ ਦਾ ਭਾਰ ਮੈਨੂੰ।
ਅੰਦਰ ਖ਼ੁਸ਼ੀ ਦੇ ਚਮਕਦੇ ਠੀਕ ਚਿਹਰੇ,
ਬਾਹਰ ਦਿਸਦੇ ਸਭੇ ਗ਼ਮ-ਖ਼ਾਰ ਮੈਨੂੰ।
ਬਾਹਰ ਕੱਚੇ ਪਏ ਲਿੰਬ ਕੇ ਥੱਕ ਗਏ ਹਾਂ,
ਪੱਕੀ ਜੇਲ੍ਹ ਵਿਚ ਕਹਿਣ 'ਸਿਰਦਾਰ' ਮੈਨੂੰ।
ਪਿੱਛੇ ਜਨਮ ਵਿਚ ਕਰ ਲਿਆ ਕਰਮ ਭੈੜਾ,
ਅਜੇ ਤੀਕ ਨਾ ਕੀਤਾ ਗ੍ਰਿਫ਼ਤਾਰ ਮੈਨੂੰ।

(ਪ੍ਰਦੇਸੀ ਖ਼ਾਲਸਾ, ਅੰਮ੍ਰਿਤਸਰ, 19 ਜੁਲਾਈ 1922)

---

*ਮੋਗਾ

ਤਾਜ਼ੇ ਜ਼ਖ਼ਮ (ਗੁਰੂ ਦੇ ਬਾਗ਼ ਦਾ ਨਜ਼ਾਰਾ)

ਗਿਆਨੀ ਮਾਨ ਸਿੰਘ*

ਹਾਲ ਬਜਬਜ ਦਾ ਯਾਦ ਜਦੋਂ ਆਂਵਦਾ।
ਨੀਰ ਅੱਖੀਆਂ ਤੋਂ ਭਰ ਆਂਵਦਾ।
ਓਥੇ ਰੱਤ ਦਾ ਵਹਿਣ ਵਗਾ ਲਿਆ।
ਫੇਰਾ ਪਾ ਫਿਰ ਕਲਗੀ ਵਾਲਿਆ।
ਬੇਗੁਨਾਹਾਂ 'ਤੇ ਗੋਲੀ ਚਲਾਈ ਸੀ।
ਕੱਠੇ ਕਰ ਫਿਰ ਅੱਗ ਲਗਾਈ ਸੀ।
ਤੇਲ ਪਾ ਮਜ਼ਲੂਮਾਂ ਨੂੰ ਜਾਲਿਆ।
ਫੇਰਾ ਪਾ ....
ਵੇਖ ਤੜਫਦੇ ਧੌਲ ਉੱਠ ਚੱਲਿਆ।
ਭਾਰ ਜ਼ੁਲਮ ਦਾ ਜਾਵੇ ਨਾ ਝੱਲਿਆ।
ਦੁੱਖਾਂ ਘੇਰਾ ਚੁਫ਼ੇਰੇ ਹੀ ਪਾ ਲਿਆ।
ਫੇਰਾ ਪਾ ....
ਸੂਰਜ ਚੰਦ ਵੀ ਮੁਖੜਾ ਛੁਪਾ ਗਏ।
ਘੱਟਾ ਛਾਣ ਸਿਰ ਜ਼ਾਲਮਾਂ ਪਾ ਗਏ।
ਸਾਰੀ ਹਿੰਦ ਨੇ ਸੋਗ ਮਨਾ ਲਿਆ।
ਫੇਰਾ ਪਾ ....
ਵੇਖ ਕਹਿਰ ਨੂੰ ਅਸਮਾਨ ਵੀ ਕੰਬ ਗਏ।
ਦਰਯਾ ਸਮੁੰਦਰ ਵੀ ਚੱਲਣੋਂ ਥੰਮ ਗਏ।
ਬੇਗੁਨਾਹਾਂ ਨੂੰ ਫਾਂਸੀ ਚੜ੍ਹਾ ਲਿਆ।
ਫੇਰਾ ਪਾ ....
ਜਿਹੜਾ ਸਿੱਖਾਂ ਨੂੰ ਦਿੱਤਾ ਦੁੱਖ ਤੂੰ।
ਡਾਢਾ ਰੋ ਰੋ ਪਾਵੇਂ ਵੇਖੀਂ ਦੁੱਖ ਤੂੰ।
ਖ਼ੌਫ਼ ਰੱਬ ਦਾ ਵੀ ਤੂੰ ਭੁਲਾ ਲਿਆ।
ਫੇਰਾ ਪਾ ....

(ਅਕਾਲੀ ਗੂੰਜ, ਸਫ਼ਾ 4-5)

---
*ਫ਼ੀਰੋਜ਼ਪੁਰ

ਕਫ਼ਨ ਸਿਰਾਂ 'ਤੇ ਬੰਨ੍ਹ ਕੇ ਪਾਣ ਗਿੱਧਾ

ਰਘਬੀਰ ਸਿੰਘ, ਬੀ.ਏ.

ਜਿਨ੍ਹੇ ਵੇਖਿਆ ਨਾ ਆਸ਼ਕ ਯਾਰ ਪਿੱਛੇ,
ਜਾਨ ਕਿਵੇਂ ਸੂਲੀ ਉੱਤੇ ਟੰਗਦੇ ਨੇ।
ਜਿਨ੍ਹੇ ਵੇਖਿਆ ਨਾ ਆਸ਼ਕ ਯਾਰ ਪਿੱਛੇ,
ਲੀਕ ਮੌਤ ਦੀ ਕਿਵੇਂ ਉਲੰਘਦੇ ਨੇ।
ਡਿੱਠਾ ਜਿਨ੍ਹੇ ਨਾ ਇਸ਼ਕ ਦੇ ਬੈਹਰ ਵਿਚੋਂ,
ਤਾਰੂ ਮਾਰ ਛਾਲਾਂ ਕਿਵੇਂ ਲੰਘਦੇ ਨੇ।
ਡਿੱਠਾ ਜਿਨ੍ਹੇ ਨਾ ਜਿਗਰ ਦੇ ਖ਼ੂਨ ਅੰਦਰ,
ਪਿਆਰ ਪਰੇਮ ਚੋਲਾ ਕਿਵੇਂ ਰੰਗਦੇ ਨੇ।

ਅੱਜ ਹੈ ਵੇਲਾ ਉਹਦੇ ਵੇਖਣੇ ਦਾ,
ਆ ਕੇ ਦੇਖ ਲਏ ਗੁਰੂ ਦੇ ਬਾਗ਼ ਅੰਦਰ।
ਕਫ਼ਨ ਸਿਰਾਂ 'ਤੇ ਬੰਨ੍ਹ ਕੇ ਪਾਣ ਗਿੱਧਾ,
ਸਿਖ ਮਸਤ ਹੋ ਮੌਤ ਦੇ ਰਾਗ ਅੰਦਰ।

(ਪੰਜਾਬ ਦਰਪਣ, 28 ਸਤੰਬਰ 1922)

ਬੈਂਤ

ਵੱਸਣ ਸਿੰਘ ਕਵੀਸ਼ਰ

ਇਕ ਘੰਟਾ ਸੀ ਗੋਲੀ ਦਾ ਮੀਂਹ ਵਰ੍ਹਿਆ,
ਮੱਚ ਗਿਆ ਸੀ ਬੜਾ ਤੂਫ਼ਾਨ ਵੀਰੋ।
ਕਈ ਮਾਵਾਂ ਦੇ ਪੁੱਤ ਸ਼ਹੀਦ ਹੋ ਗਏ,
ਵੱਡੇ ਦਰਸ਼ਨੀ ਜੋ ਜਵਾਨ ਵੀਰੋ।
ਲਾਸ਼ਾਂ ਇੰਞ ਪਈਆਂ ਓਥੇ ਦਿਸਦੀਆਂ ਸੀ,
ਖੇਤੀ ਵੱਢਦਾ ਜਿਵੇਂ ਕਿਰਸਾਨ ਵੀਰੋ।
ਵੱਸਣ ਸਿੰਘ ਨਾ ਅੰਤ ਸੀ ਫੱਟੜਾਂ ਦਾ,
ਦੇ ਸੈਂਕੜੇ ਗਏ ਪ੍ਰਾਣ ਵੀਰੋ।

(ਸ਼ਾਂਤਮਈ ਜੋਧਿਆਂ ਦੇ ਅੱਖੀਂ ਡਿੱਠੇ ਹਾਲ
ਅਥਵਾ ਜੈਤੋ ਦੇ ਅੱਤਿਆਚਾਰ,
ਪੰਜਾਬ ਖ਼ਾਲਸਾ ਪ੍ਰੈਸ, ਅੰਮ੍ਰਿਤਸਰ)

ਜੈਤੋ ਵਿਚ ਖ਼ੂਨ ਦੇ ਪਰਨਾਲੇ

(ਅਰਥਾਤ ਸਖ਼ਤੀ ਦਾ ਹੜ੍ਹ)

ਭਾਗ ਸਿੰਘ ਨਿਧੜਕ*

ਦਿੱਤਾ ਹੁਕਮ ਵਿਲਸਨ ਨੇ ਫ਼ੌਜੀਆਂ ਨੂੰ,
ਚਿੱਤ ਵਿਚ ਹੰਕਾਰ ਤੇ ਕਹਿਰ ਹੋਏ।
ਕਹਿੰਦਾ ਫ਼ੌਜੀਓ ਗੋਲਾ ਚਲਾ ਦੇਵੋ,
ਸਾਡੇ ਨਾਲ ਅਕਾਲੀਆਂ ਵੈਰ ਹੋਵੇ।
ਹੁਕਮ ਸੁਣ ਕੇ ਪਾਪੀ ਚੰਡਾਲ ਕੋਲੋਂ,
ਫ਼ੌਜੀ ਸਿੱਖ ਨਾ ਮਿੰਟ ਵੀ ਠਹਿਰ ਹੋਏ।
ਇਕ ਮਿੰਟ ਦੇ ਵਿਚ ਸੀ ਭਾਗ ਸਿੰਘਾ,
ਸਿੰਘਾਂ ਧਰਮੀਆਂ ਦੇ ਵੰਨੀ ਫੈਰ ਹੋਏ।

ਕਾੜ ਕਾੜ ਗੋਲੀ ਜਦੋਂ ਚੱਲਣ ਲੱਗੀ,
ਸਿੰਘ ਵਾਹਿਗੁਰੂ ਨਾਮ ਧਿਆਂਵਦੇ ਰਹੇ।
ਧੜਾ ਧੜ ਲੋਥਾਂ ਡਿੱਗਣ ਲੱਗ ਪਈਆਂ,
ਜ਼ਾਲਮ ਵਧ ਕੇ ਜ਼ੁਲਮ ਕਮਾਂਵਦੇ ਰਹੇ।
ਓਧਰ ਗੋਲੀਆਂ ਦੀ ਵਰਖਾ ਪਈ ਹੋਵੇ,
ਧਰਮੀ ਹੱਸ ਹੱਸ ਛਾਤੀਆਂ ਡਾਂਹਵਦੇ ਰਹੇ।
ਜਿਉਂ ਜਿਉਂ ਚੱਲੀ ਗੋਲੀ, ਤਿਉਂ ਤਿਉਂ ਸਿੰਘ ਧਰਮੀ,
ਅੱਗੇ ਅੱਗੇ ਨੂੰ ਪੈਰ ਵਧਾਂਵਦੇ ਰਹੇ।

('ਜੈਤੋ ਵਿਚ ਖ਼ੂਨ ਦੇ ਪਰਨਾਲੇ',
ਪ੍ਰਿੰਟਰ : ਭਾਈ ਰਤਨ ਸਿੰਘ ਆਜ਼ਾਦ)

*ਮੱਤਾ

ਸ਼ਹੀਦਾਂ ਦੀ ਖਿੱਚ

ਗੁਰਬਖ਼ਸ਼ ਸਿੰਘ ਕਵੀਸ਼ਰ

ਹਾਇ ਜ਼ਾਲਮਾਂ ਹੁਣ ਤਾਂ ਹੱਦ ਕੀਤੀ,
ਫ਼ਾਇਰ ਗੋਲੀਆਂ ਦੇ ਕਰਵਾ ਦਿੱਤੇ।
ਕਰਨ ਆਏ ਸਨ ਯਾਤਰਾ ਗੰਗਸਰ ਦੀ,
ਕਈਆਂ ਭੈਣਾਂ ਦੇ ਵੀਰ ਮਰਵਾ ਦਿੱਤੇ।
ਧਰਤੀ ਖ਼ੂਨ ਨਾਲ ਲਾਲੋ ਲਾਲ ਹੋ ਗਈ,
ਤੂੰਬੇ ਵਾਂਗ ਸਰੀਰ ਉਡਵਾ ਦਿੱਤੇ।
ਜਿਹੜੇ ਬਚੇ ਸੀ ਗੋਲੀਆਂ ਨਾਲ ਸੋਹਣੇ,
ਉਨ੍ਹਾਂ ਹੱਥੀਂ ਜ਼ੰਜੀਰ ਮਰਵਾ ਦਿੱਤੇ।

ਜ਼ਰਾ ਦੱਸ ਖਾਂ ਜ਼ੁਲਮ ਕਮਾਂਦਿਆ ਓਇ,
ਅੱਗੋਂ ਇਸ ਤਰ੍ਹਾਂ ਜ਼ੁਲਮ ਕਮਾਈ ਜਾਸੇਂ ?
ਕੋਈ ਹੱਦ ਵੀ ਏਸ ਦੀ ਹੈ ਜਾਂ ਨਹੀਂ,
ਜਾਨਾਂ ਇਸ ਤਰ੍ਹਾਂ ਤੂੰ ਤੜਫਾਈ ਜਾਸੇਂ ?
ਅਸਾਂ ਹਟਣਾ ਪਿਛਾਂਹ ਨਹੀਂ ਗੰਗਸਰ ਤੋਂ,
ਤੂੰ ਇਸ ਤਰ੍ਹਾਂ ਗੋਲੀ ਚਲਾਈ ਜਾਸੇਂ ?
ਅਸੀਂ ਲੱਖਾਂ ਹੀ ਹੋ ਤਿਆਰ ਆ ਗਏ,
ਸੱਚ ਦੱਸ ਤੂੰ ਕਰੀ ਸਫ਼ਾਈ ਜਾਸੇਂ ?

('ਸ਼ਹੀਦਾਂ ਦੀ ਖਿੱਚ',
ਭਾਈ ਭੋਲਾ ਸਿੰਘ ਮਿਹਰ ਸਿੰਘ,
ਅਕਾਲੀ ਕੁਟੀਆ ਬੁਕ ਡਿਪੋ)

ਪਹਿਲੇ ਸ਼ਹੀਦੀ ਜਥੇ ਦਾ ਸੰਦੇਸ਼

ਸੁਣੋ ਖ਼ਾਲਸਾ ਜੀ ਸਾਡੇ ਕੂਚ ਡੇਰੇ,
ਅਸੀਂ ਆਖ਼ਰੀ ਫ਼ਤਹਿ ਬੁਲਾ ਚੱਲੇ।
ਪਾਓ ਬੀਜ ਤੇ ਸਾਂਭ ਕੇ ਫ਼ਸਲ ਵੱਢੋ,
ਅਸੀਂ ਡੋਲ੍ਹ ਕੇ ਰੱਤ ਪਿਆ ਚੱਲੇ।
ਚੋਬਦਾਰ ਦੇ ਵਾਂਗ ਆਵਾਜ਼ ਦੇ ਕੇ,
ਧੌਂਸੇ ਕੂਚ ਦੇ ਅਸੀਂ ਵਜਾ ਚੱਲੇ।
ਤੁਸੀਂ ਆਪਣੀ ਅਕਲ ਦਾ ਕੰਮ ਕਰਨਾ,
ਅਸੀਂ ਆਪਣੀ ਤੋੜ ਨਿਭਾ ਚੱਲੇ।
ਬੇੜਾ ਜ਼ੁਲਮ ਦਾ ਅੰਤ ਨੂੰ ਗਰਕ ਹੋਸੀ,
ਹੰਝੂ ਖ਼ੂਨ ਦੇ ਅਸੀਂ ਵਹਾ ਚੱਲੇ।
ਪੰਥ ਗੁਰੂ ਦਾ ਆਪ ਦਸਮੇਸ਼ ਰਾਖਾ,
ਕੰਡੇ ਹੂੰਝ ਕੇ ਕਰ ਸਫਾ ਚੱਲੇ।
ਅੰਗ ਸਾਕ ਕਬੀਲੜਾ ਬਾਲ ਬੱਚਾ,
ਬਾਂਹ ਤੁਸਾਂ ਦੇ ਹੱਥ ਫੜਾ ਚੱਲੇ।
ਨਦੀ ਨਾਮ ਸੰਜੋਗ ਦੇ ਹੋਣ ਮੇਲੇ,
ਸਤਿ ਸ੍ਰੀ ਅਕਾਲ ਬੁਲਾ ਚੱਲੇ।

(ਇਹ ਸ਼ਹੀਦੀ ਜਥਾ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਵੱਲ ਰਵਾਨਾ ਹੋਇਆ ਅਤੇ 21 ਫ਼ਰਵਰੀ ਨੂੰ ਜੈਤੋ ਪੁੱਜਾ। ਇਸ ਜਥੇ 'ਤੇ ਗੋਲੀਆਂ ਚਲਾ ਕੇ ਬਹੁਤ ਸਿੰਘ ਸ਼ਹੀਦ ਕੀਤੇ ਗਏ।)

ਦੂਜੇ ਸ਼ਹੀਦੀ ਜਥੇ ਦਾ ਪੰਥ ਪ੍ਰਤੀ ਅੰਤਮ ਸੰਦੇਸ਼ਾ !

ਹਰਨਾਮ ਸਿੰਘ 'ਮਸਤ ਪੰਛੀ'

ਪੰਥ ਪਿਆਰਿਆ ਸੁਣੀਂ ਸੰਦੇਸੜਾ ਤੂੰ,
ਅਸੀਂ ਧਰਮ ਤੋਂ ਹੋਣ ਕੁਰਬਾਨ ਚੱਲੇ।
ਸ਼ਾਂਤਮਈ ਤੇ ਜ਼ੁਲਮ ਦਾ ਜੰਗ ਛਿੜਿਆ,
ਫ਼ਤਹ ਹੋਵੰਦੀ ਕਿਹਦੀ ਅਜ਼ਮਾਣ ਚੱਲੇ।
ਗੰਗਸਰ ਕਬਜ਼ਾ ਕੀਤਾ ਜ਼ਾਲਮਾਂ ਨੇ,
ਗੁਰੂ ਘਰ ਆਜ਼ਾਦ ਕਰਾਣ ਚੱਲੇ।
ਰੁੱਠੀ ਦੇਵੀ ਆਜ਼ਾਦੀ ਦੀ ਚਿਰਾਂ ਤੋਂ ਸੀ,
ਸੀਸ ਬਲੀ ਦੇ ਉਹਨੂੰ ਮਨਾਣ ਚੱਲੇ।
ਸੱਤਰ ਸਾਲ ਦੇ ਆਪਣੇ ਦੋਸਤਾਂ ਤੋਂ,
ਡਾਂਗਾਂ ਗੋਲੀਆਂ ਦੀ ਮਾਰ ਖਾਣ ਚੱਲੇ।
ਵਿਦਾ ਖ਼ੁਸ਼ੀ ਦੇ ਨਾਲ ਕਰ ਦਿਉ ਸਾਨੂੰ,
ਗੁਰੂ ਦਰ 'ਤੇ ਜਿੰਦਾਂ ਘੁਮਾਣ ਚੱਲੇ।
ਪਾਠ ਰੋਕਿਆ ਧਰਮ ਨੂੰ ਸੱਟ ਮਾਰੀ,
ਨੌਕਰਸ਼ਾਹੀ ਦੇ ਤਾਈਂ ਸਮਝਾਣ ਚੱਲੇ।
ਪਾਠ ਜਾਰੀ ਕਰਨੋਂ ਪੰਥ ਰੁਕੇਗਾ ਨਾ,
ਚੋਟ ਡੰਕੇ ਦੀ ਨਾਲ ਸੁਣਾਣ ਚੱਲੇ।
ਮੋਹ ਤੋੜ ਕੇ ਸਾਕ ਸੰਬੰਧੀਆਂ ਦੇ,
ਅਸੀਂ ਬੁੱਢੜੇ ਬਾਲ ਜਵਾਨ ਚੱਲੇ।
ਬੱਚੇ ਬੱਚੀਆਂ ਵਿਲਕਦੇ ਛੱਡ ਕਰ ਕੇ,
ਗਲ ਮੌਤ ਦੇ ਜੱਫੀਆਂ ਪਾਣ ਚੱਲੇ।
ਜੀਉਂਦੇ ਰਹੇ ਤਾਂ ਆਣ ਸੰਭਾਲ ਲਾਂਗੇ,
ਹਾਲਾਂ ਘਰਾਂ ਨੂੰ ਕਰ ਵੈਰਾਨ ਚੱਲੇ।
ਮਾਂ ਬਾਪ ਤੇ ਛੱਡ ਪਰਵਾਰ ਪਿੱਛੇ,
ਸ਼ਾਂਤਮਈ ਦਾ ਜੰਗ ਮਚਾਣ ਚੱਲੇ।
ਅਸੀਂ ਪੱਕੀਆਂ ਖੇਤੀਆਂ ਛੱਡ ਕਰ ਕੇ,
ਫਾਕੇ ਕਹਿਰ ਦੇ ਮਜ਼ੇ ਉਡਾਣ ਚੱਲੇ।

ਸੀਸ ਤਲੀ ਧਰ ਯਾਰ ਦੀ ਗਲੀ ਅੰਦਰ,
ਧੂੜ ਦਰ ਦੀ ਮੱਥੇ 'ਤੇ ਲਾਣ ਚੱਲੇ।
ਜੋਗੀ ਬਣ ਸੰਦਾਲ ਵਿਸਾਲ ਕਰ ਕੇ,
ਪਾ ਕਫ਼ਨੀਆਂ ਜੋਗ ਕਮਾਣ ਚੱਲੇ।
ਗੋਪੀ ਚੰਦ ਪੜਵਾਏ ਸਨ ਕੰਨ ਜਾ ਕੇ,
ਅਸੀਂ ਛਾਤੀਆਂ ਤਾਈਂ ਪੜਵਾਣ ਚੱਲੇ।
ਦਰ ਗੁਰੂ ਦੇ ਮਰਨ ਕਬੂਲ ਸਾਨੂੰ,
ਲਹੂ ਪਾਣੀ ਦੇ ਥਾਂ ਛਿੜਕਾਣ ਚੱਲੇ।
ਜਿਵੇਂ ਵੀਰ ਸ਼ਹੀਦੀਆਂ ਪਾ ਗਏ ਨੇ,
ਤਿਵੇਂ ਹੋਣ ਅਸੀਂ ਬਲੀਦਾਨ ਚੱਲੇ।
ਨੌਕਰਸ਼ਾਹੀ ਨੂੰ ਮਾਣ ਹਥਿਆਰਾਂ ਦਾ ਏ,
ਅਸੀਂ ਸਬਰ ਦੇ ਲੈ ਕੇ ਬਾਣ ਚੱਲੇ।
ਸਾਡੇ ਦਿਲੀਂ ਹੈ ਚਾਉ ਸ਼ਹੀਦੀਆਂ ਦਾ,
ਬਲਦਾ ਜ਼ੁਲਮ ਦਾ ਦੀਵਾ ਬੁਝਾਣ ਚੱਲੇ।
ਗੁਰੂ ਮੇਹਰ ਕਰੇ ਪਾਰ ਲੱਗ ਜਾਵੇ,
ਬੇੜਾ ਠੇਲ੍ਹ ਕੇ ਵਿਚ ਤੂਫ਼ਾਨ ਚੱਲੇ।
ਰਹਿਮ ਕਰੇ ਤੇ ਦਾਸਾਂ ਨੂੰ ਲਾਏ ਚਰਨੀਂ,
ਮੁਰਦੇ ਹੋ ਗੁਰ ਗੋਰ ਸਮਾਨ ਚੱਲੇ।
ਪਾ ਆਗਿਆ ਤਖ਼ਤ ਅਕਾਲ ਜੀ ਦੀ,
ਗੰਗਸਰ ਦਾ ਕਰਨ ਅਸ਼ਨਾਨ ਚੱਲੇ।
ਵੀਰਾਂ ਟੁਰਦਿਆਂ ਨੂੰ ਭੈਣੋ ਪਾਓ ਸਿਹਰੇ,
ਅਸੀਂ ਲਾੜੀ ਆਜ਼ਾਦੀ ਵਿਆਹੁਣ ਚੱਲੇ।
ਗੁਰੂ ਸਿਖਿਆ ਦੀ ਆਨ ਰੱਖ ਕਰ ਕੇ,
ਘੋੜੀ ਮੌਤ ਦੀ ਚੜ੍ਹ ਪਛਾਣ ਚੱਲੇ।

(ਅੰਗੇਰਜ਼ਾਂ ਨੇ ਨਾਭਾ ਕਿਕੁਣ ਲੀਤਾ ਅਰਥਾਤ ਤਵਾਰੀਖ਼ ਨਾਭਾ ਪੰਜਾਬ ਖ਼ਾਲਸਾ ਪ੍ਰੈਸ, ਅੰਮ੍ਰਿਤਸਰ)

ਗੰਗਸਰ

ਮੌਲਾਨਾ ਜ਼ਫ਼ਰ ਅਲੀ ਖ਼ਾਨ[1]

ਕਟੇ ਹੈਂ ਜਿਸ ਕਦਰ ਸਰ,
ਗੰਗਸਰ ਕੇ ਗੁਰਦਵਾਰੇ ਮੇਂ।
ਹੈ ਦਰਜ ਉਨ ਸਭ ਕੀ ਕੁਰਬਾਨੀ,
ਜਜ਼ਾ ਕੇ ਗੋਸਵਾਰੇ ਮੇਂ।

ਨਾ ਘਾਇਲ ਕਰ ਸਕੀ ਥੀ ਜਿਨ ਕੋ,
ਨਾਨਕਾਣੇ ਮੇਂ ਆਂਖ ਉਨ ਕੀ।
ਉਨ੍ਹੇਂ ਭੀ ਉਸ ਨੇ ਤੜਪਾ ਕੇ
ਛੋੜਾ ਇਕ ਇਸ਼ਾਰੇ ਮੇਂ।

ਬਚੇ ਜਿਨ ਕੀ ਤੁਫੰਗੋਂ ਸੇ,
ਨਾ ਨੰਨ੍ਹੇ ਨੰਨ੍ਹੇ ਬੱਚੇ ਭੀ,
ਹੈ ਕਿਆ ਤਹਿਜ਼ੀਬ ਮਗਰਿਬ ਕੀ,
ਅਰਸ਼ਾਦ ਉਨ ਕੇ ਬਾਰੇ ਮੇਂ।

ਅਭੀ ਦੇਖਾ ਹੀ ਕਿਆ ਹੈ,
ਤੁਮਨੇ ਇਸ ਖ਼ੂਨੀ ਨਜ਼ਾਰੇ ਕਾ,
ਬਹੁਤ ਸੇ ਖੇਲ ਬਾਕੀ ਹੈਂ,
ਮਦਾਰੀ ਕੇ ਪਟਾਰੇ ਮੇਂ।

ਜਫ਼ਾ ਕੀ ਗਰਮੀਏ ਬਾਜ਼ਾਰ,
ਮਜ਼ਲੂਮੀ ਕੀ ਰੌਣਕ ਹੈ,
ਰਹਾ ਕਰਤੀ ਹੈ ਜ਼ਾਲਮ ਕੀ,
ਤਜਾਰਤ ਹੀਂ ਖਸਾਰੇ ਮੇਂ।

---

[1]ਐਡੀਟਰ 'ਜ਼ਮੀਂਦਾਰ'।

ਪਲਟ ਕਰ ਜ਼ੇਰਿ-ਦਸਤ ਆਜ਼ਾਰ ਕੋ,
ਇਕ ਦਿਨ ਉਲਟ ਦੇਗੀ,
ਯਹੀ ਗਰਦਿਸ਼ ਜੋ ਹੈ ਇਸ ਵਕਤ,
ਸਿਖੋਂ ਕੇ ਸਤਾਰੇ ਮੇਂ।

ਬਹਾਏ ਹੈਂ ਜਿਨ੍ਹੋਂ ਨੇ,
ਬੇ-ਕਸੋਂ ਕੇ ਖ਼ੂਨ ਕੇ ਦਰਿਆ,
ਵੁਹ ਖ਼ੁਦ ਬਹਿ ਜਾਏਗਾ,
ਤਕਦੀਰ ਕੀ ਨਦੀ ਕੇ ਧਾਰੇ ਮੇਂ।

ਤੁਮ੍ਹੇਂ ਬਖ਼ਸ਼ਾ ਗਯਾ ਹੈ,
ਦੀਦਾ-ਏ-ਬੀਨਾ ਤੋ ਦੇਖੋਗੇ,
ਹਜ਼ਾਰੋਂ ਰਾਖ ਕੇ ਢੇਰ,
ਇਕ ਨਾਭਾ ਕੇ ਸ਼ਰਾਰੇ ਮੇਂ।

ਵੇਖਣਾ ਕੌਮ ਦਾ 'ਲਾਲ' ਨਾ ਖੁਸ ਜਾਵੇ !

ਅਰਜਨ ਸਿੰਘ ਗੜਗੱਜ

ਪੰਥਕ ਆਗੂਓ ਤੇ ਪੰਥ ਦਰਦੀਓ ਵੇ,
ਵੇਲਾ ਸੰਭਲੋ ਅਤੇ ਹੁਸ਼ਿਆਰ ਹੋਵੋ।
ਹਸਤੀ ਮਿਟਣ ਲੱਗੀ ਦਿਸੇ ਅਣਖ ਵਾਲੀ,
ਸ਼ਾਂਤਮਈ ਜੰਗ ਦੇ ਲਈ ਤਿਆਰ ਹੋਵੋ।
ਨੰਬਰ ਦੋਇ 'ਦਲੀਪ ਮ੍ਰਿਗੇਸ਼ ਨਾਭਾ',
ਅੱਜ ਚੱਲਿਆ ਜੇ ਖ਼ਬਰਦਾਰ ਹੋਵੋ।
ਕੌਮੀ ਆਨ ਬਦਲੇ, ਕੌਮੀ ਸ਼ਾਨ ਬਦਲੇ,
ਵਾਰੇ ਅੱਜ ਵੀ ਕਈ ਹਜ਼ਾਰ ਹੋਵੋ।
ਖੇਤ ਉਜੜਦੇ ਦੀ ਜੇ ਨਾ ਕਰੀ ਰਾਖੀ,
ਹੱਥ ਮਲੋਗੇ ਅਤੇ ਪਛਤਾਉਗੇ ਫਿਰ,
'ਨਾਭਾ' ਵਾਸ 'ਵਲੈਤ' ਜਾਂ ਹੋਰ ਕਿਧਰੇ,
ਤਾਂ 'ਪਾਟਿਲੇਸ਼ਵਰ' ਨਾਲ ਰਲਾਉਗੇ ਫਿਰ।

ਕੀ ਜੇ 'ਅੱਜ' ਨਾਭਾ ਜੀ ਬੇਦਖ਼ਲ ਹੋਏ,
ਡੁੱਬ ਮਰਨ ਨੂੰ ਅਸਾਂ ਨੂੰ ਮਿਲੂ ਪਾਣੀ।
ਸਿਖ ਕੌਮ ਦੇ ਹੁੰਦਿਆਂ ਸੁੰਦਿਆਂ ਕੀ,
ਹੀਰੇ ਕੌਮ ਦੇ ਦੀ ਅੱਜ ਹੋਊ ਹਾਨੀ।
ਅਣਖ ਆਪਣੀ ਤੇ ਜੇ ਨਾ ਖੜੇ ਹੋਏ,
ਜੜ੍ਹਾਂ ਪੁੱਟਣੋਂ ਛਡਸੀ ਕਦੇ ਹਾਨੀ।
ਜੇ ਨਾ ਮਦਦ ਕੀਤੀ ਗੁਰੂ ਪਿਆਰੜੇ ਦੀ,
ਲਾਨ੍ਹਤ ਲੱਖ ਪਾਉਂਦੀ ਦੁਨੀਆਂ ਜਿਹੀ ਜਾਨੀ।
ਰੱਬ ਕਰੇ ਨਾ ਏਹ 'ਦਲੀਪ' ਵਾਂਗੂੰ,
ਹੱਥੋਂ ਕੌਮ ਦੇ ਲਾਲ ਨਾ ਖੁੱਸ ਜਾਵੇ।
ਧਾਹੀਂ ਮਾਰ ਰੋਂਦੇ ਪਿਛਲੇ ਦੁੱਖ ਨੂੰ ਹਾਂ,
ਕਿਧਰੇ ਏਹ ਨਾ ਅਸਾਂ ਤੋਂ ਰੁੱਸ ਜਾਵੇ।

(ਪੰਜਾਬ ਦਰਪਣ, 27 ਜੁਲਾਈ 1923)

ਨਾਭੇ ਦਾ ਨਰੇਸ਼ ਫੇਰ ਗੱਦੀ 'ਤੇ ਬਿਠਾਵਾਂਗੇ

ਵੈਦਯ

ਸ੍ਰੀ ਦਸਮੇਸ਼ ਜੀ ਹਮੇਸ਼ਾ ਸਾਡੇ ਅੰਗ ਸੰਗ,
ਓਸੇ ਦੇ ਭਰੋਸੇ ਸ਼ਾਨ ਪੰਥ ਦੀ ਵਧਾਵਾਂਗੇ।
ਬੇਇਨਸਾਫ਼ੀ ਦੀ ਤਲਾਫ਼ੀ ਕਰਾਵਨ ਹਿੱਤ,
ਧੰਨ, ਮਾਲ, ਸਾਰਾ ਸਰਬੰਸ ਵੀ ਲਗਾਵਾਂਗੇ।
ਨਾਭੇ ਵਿਚੋਂ ਬੂਟਾ ਪੱਟ ਨਿਮਕ-ਹਰਾਮੀਆਂ ਦਾ,
ਨਾਭੇ ਦਾ ਨਰੇਸ਼ ਫਿਰ ਗੱਦੀ 'ਤੇ ਬਿਠਾਵਾਂਗੇ।
'ਪੰਡਤ' ਦੇ ਹੀਲੇ ਨਾਲ ਹੋਇਆ ਹੈ ਅਖੰਡਤ ਪਾਠ,
'ਕੌਲ' ਵਾਲੇ ਚਾਲੇ ਨੂੰ ਮਖੌਲ ਨਾ ਉਡਾਵਾਂਗੇ।
ਸਖ਼ਤੀ ਦਾ ਦੌਰ ਆਇਆ ਪਿਛਲੇ ਜ਼ਮਾਨੇ ਤੌਰ,
ਇਕ ਇਕ ਸਿਖ ਲਿਖ ਹਿਸਟਰੀ ਦੁਹਰਾਵਾਂਗੇ।
ਰੱਬ ਨੇ ਸਬੱਬ ਹੈ ਲਗਾਇਆ ਸਾਨੂੰ ਸੌਖੇ ਢਬ,
ਕੌਮੀ ਪਰਵਾਨੇ ਬਣ ਜਿੰਦੜੀ ਘੁਮਾਵਾਂਗੇ।
ਸਬਰ ਦੀ ਹਵਾੜ ਕੱਢ, ਹਾਈਂ ਵਾਲੇ ਗੋਲੇ ਛੱਡ,
ਤੋਪਾਂ ਤੇ ਮਸ਼ੀਨਾਂ ਦੇ ਘੁਮੰਡ ਨੂੰ ਮਿਟਾਵਾਂਗੇ।
'ਹੇਲੀ' ਵਾਲੇ ਹੱਲੇ ਝੱਲ, ਸ਼ਾਂਤੀ ਵਾਲੀ ਢਾਲ ਨਾਲ,
ਨਾਭੇ ਦਾ ਨਰੇਸ਼ 'ਵੈਦ' ਗੱਦੀ 'ਤੇ ਬਿਠਾਵਾਂਗੇ।

(ਬੱਬਰ ਸ਼ੇਰ, 10 ਜੁਲਾਈ 1924)

ਆਗੂ ਨਾਭਾ ਸਵਾਲ ਛੱਡ ਡੇਗਦੇ ਨੇ, ਸਾਨੂੰ ਜਕੜ ਵਿਚ ਬਿੱਲ ਦੀ ਕੜੀ ਯਾਰੋ

ਸੋਹਨ ਸਿੰਘ*

ਸਾਰ ਉਨ੍ਹਾਂ ਨੂੰ ਕੀ ਕੁਰਬਾਨੀਆਂ ਦੀ,
ਭੁੰਜੇ ਸੌਣ ਤੇ ਕਹਿਣ ਖ਼ੌਫ਼ਨਾਕ ਹੋਵੇ।
ਖਰਿਆਂ ਖੋਟਿਆਂ ਦੀ ਪਰਖ ਹੋਣ ਲੱਗੀ,
ਪਰਚਾ ਪਿਆਰ ਅਸਾਡਾ ਇਮਤਿਹਾਨ ਹੋਵੇ।
ਕੋਈ ਕਹੇ ਸਵੈਰਾਜ ਇਲਾਜ ਸਾਡਾ,
ਕੋਈ ਬਿੱਲ ਨੂੰ ਪਿਆ ਪਰਵਾਨ ਹੋਵੇ।
ਕੋਈ ਬਿੱਲ ਨੂੰ ਕਿਲ੍ਹਾ ਬਣਾ ਬੈਠਾ,
ਸੱਚ ਕਿਸ ਦਾ ਕਹੀਏ ਬਿਆਨ ਹੋਵੇ।
ਜ਼ਰਾ ਫੋਲ ਦੱਸੋ ਇਸ ਬਿੱਲ ਨੂੰ ਚਾ,
ਜਥੇਬੰਦੀ ਦਾ ਜਿਥੇ ਨਿਸ਼ਾਨ ਹੋਵੇ।
ਤਕ ਬਿੱਲ ਵਾਲੇ ਫੇਰ ਕੂਕਦੇ ਜੀ,
ਜਥੇਬੰਦੀ ਦਾ ਨਹੀਂ ਨੁਕਸਾਨ ਹੋਵੇ।

ਪੂਰਾ ਅਮਲ ਕਰੀਏ ਉਸ ਹੁਕਮ ਉੱਤੇ,
ਅਕਾਲ ਤਖ਼ਤ ਵਾਲਾ ਜੋ ਐਲਾਨ ਹੋਵੇ।
ਪੰਚਮ ਗੁਰੂ ਦੇ ਵਾਂਗ ਗੁਰ ਖ਼ਾਲਸੇ ਦਾ,
ਸੰਗਤ ਕੂਕਦੀ ਵੱਲ ਧਿਆਨ ਹੋਵੇ।
ਜਥੇਬੰਦੀ ਦਾ ਜ਼ਿਕਰ ਨਾ ਜਿਸ ਬਿੱਲ ਵਿਚ,
ਜਿਹੜੀ ਖ਼ਾਲਸੇ ਦੀ ਜਿੰਦ ਜਾਨ ਹੋਵੇ।
ਕਰਨੀ ਉਸ 'ਤੇ ਉਚਿਤ ਵਿਚਾਰ ਨਾਹੀਂ,
ਸਿਆਣੇ ਦੱਸੋ ਜੇ ਕੁਝ ਗਿਆਨ ਹੋਵੇ।
ਸੁਲਹ ਚਾਹੇ ਜੇ ਨਾਲ ਸਰਕਾਰ ਸਿੱਖਾਂ,
ਇਸ ਤਰ੍ਹਾਂ ਦਾ ਇਕ ਫ਼ੁਰਮਾਨ ਹੋਵੇ।
ਕੈਦੀ ਬਾਹਰ ਆਵਣ, ਪਾਠ ਸ਼ੁਰੂ ਹੋਵੇ,
ਫੇਰ ਬਿੱਲ ਦੀ ਵੱਲ ਧਿਆਨ ਹੋਵੇ।

*ਦੋਬੇਰਨ, ਰਾਵਲਪਿੰਡੀ

ਜੈਤੋ ਮੋਰਚਾ ਨਾਭਾ ਬਿਠਾਉਣ ਖ਼ਾਤਰ ਲੱਗਾ,
ਆਖਦਾ ਗੱਲ ਹਾਂ ਖਰੀ ਯਾਰੋ।
ਕਮੇਟੀ ਦੂਸਰੀ ਇਸੇ ਵਿਚਾਰ ਉੱਤੇ,
ਅਕਾਲ ਤਖ਼ਤ ਥੀਂ ਗਈ ਸੀ ਫੜੀ ਯਾਰੋ।
ਇਸੇ ਵਾਸਤੇ ਪਹਿਲੇ ਸ਼ਹੀਦ ਜਥੇ ਉੱਤੇ,
ਪਈ ਸੀ ਗੋਲੀਆਂ ਝੜੀ ਯਾਰੋ।
ਦਿਲ ਧੜਕਦਾ ਤੇ ਛਾਤੀ ਕੰਬ ਜਾਂਦੀ,
ਯਾਦ ਆਂਵਦੀ ਜਦ ਉਹ ਘੜੀ ਯਾਰੋ।
ਸਵਾਲ ਨਾਭਾ ਦਾ ਅਸੀਂ ਨਹੀਂ ਜਿਨ੍ਹਾਂ ਕਿਹਾ,
ਹੋ ਗਏ ਸਾਫ਼ ਅਪੀਲ ਵਿਚ ਬਰੀ ਯਾਰੋ।
ਆਗੂ ਨਾਭਾ ਸਵਾਲ ਛੱਡ ਡੇਗਦੇ ਨੇ,
ਸਾਨੂੰ ਜਕੜ ਵਿਚ ਬਿੱਲ ਦੀ ਕੜੀ ਯਾਰੋ।

(ਬੱਬਰ ਸ਼ੇਰ, 13 ਮਈ 1925)

ਨਾਭਾ ਪਤੀ ਨੂੰ ਅਸਾਂ ਬਹਾਲ ਕਰਨਾ ਨਹੀਂ ਆਪਣੀ ਜਿੰਦ ਲਗਾਵਸਾਂਗੇ

ਕਸ਼ਮੀਰਾ ਸਿੰਘ ਮ੍ਰਿਗਰਾਜ

ਮਿਸਟਰ ਹੇਲੀਆ ਕਾਸ ਦਾ ਮਾਨ ਕਰਨਾ,
ਮਾਨ ਕਰਨ ਵਾਲੇ ਹੋ ਖੁਵਾਰ ਗਏ।
ਰਾਵਣ ਅਤੇ ਬਾਲੀ, ਭੀਮ ਹੋਰ ਅਰਜਨ,
ਉਹ ਬੀ ਖਾ ਕੇ ਜਮਾਂ ਦੀ ਮਾਰ ਗਏ।
ਕੰਸ, ਕੁੰਭਕਰਨ, ਮੇਘਨਾਦ ਜੈਸੇ,
ਇੰਦਰਜੀਤ ਕਹਾ ਅੰਤ ਹਾਰ ਗਏ।
ਹਰਨਾਕਸ਼ ਜੈਸੇ ਰੱਬ ਕਹਾਉਣ ਵਾਲੇ,
ਛੱਡ ਆਪਣਾ ਰਾਜ ਦਰਬਾਰ ਗਏ।
ਔਰੰਗਜ਼ੇਬ ਜੈਸੇ ਦੀਨ ਏਕ ਕਰਦੇ,
ਆਖ਼ਰਕਾਰ ਬਾਜ਼ੀ ਉਹ ਵੀ ਹਾਰ ਗਏ।
ਮਹਿਮੂਦ ਗ਼ਜ਼ਨੀ, ਸ਼ਾਹ ਤੈਮੂਰ ਜੈਸੇ,
ਅੰਤ ਉਹ ਵੀ ਹੋ ਫਿਰਾਰ ਗਏ।
ਖੁਰਾ ਖੋਜ ਮਿਟਾਣ ਆਏ ਖ਼ਾਲਸੇ ਦਾ,
ਖੁਰਾ ਆਪਣਾ ਪੁੱਟ ਸਿਧਾਰ ਗਏ।
ਕਿਹੜੇ ਬਾਗ਼ ਦੀ ਮੂਲੀ ਹੈਂ ਤੂੰ ਦੱਸ ਖਾਂ,
ਹੇਲੀ ਤੁਧ ਜੈਸੇ ਕਈ ਹਜ਼ਾਰ ਗਏ।

ਭਲੀ ਚਾਹੇਂ ਤਾਂ ਅਸਾਂ ਦੇ ਵੀਰ ਛੱਡ ਦੇ,
ਨਹੀਂ ਸ਼ਾਂਤਮਈ ਹੱਥ ਦਿਖਾਵਸਾਂਗੇ।
ਸ਼ਾਂਤਮਈ ਦੇ ਮਾਰਨੇ ਅਸਾਂ ਗੋਲੇ,
ਤੈਨੂੰ ਤੁਰਤ ਵਲੈਤ ਪੁਚਾਵਸਾਂਗੇ।
ਨਾਭੇਪਤੀ ਨੂੰ ਅਸਾਂ ਬਹਾਲ ਕਰਨਾ,
ਨਹੀਂ ਤਾਂ ਆਪਣੀ ਜਿੰਦ ਲਗਾਵਸਾਂਗੇ।
ਸੰਗਲ ਬਿੱਲ ਦੇ ਅਸਾਂ ਨਹੀਂ ਪੈਣ ਦੇਣੇ,
ਜੰਦੇ ਤੋੜ ਕੇ ਤੁਰਤ ਗੁਵਾਵਸਾਂਗੇ।

ਜੇ ਕਰ ਲੀਡਰਾਂ ਸਾਡਿਆਂ ਦਗ਼ਾ ਕੀਤਾ,
ਮੁੜ ਉਨ੍ਹਾਂ ਦੀ ਖੁੰਬ ਠਪਾਵਸਾਂਗੇ।
ਨਾਭਾਪਤੀ ਜੇ ਨਾ ਵੀਰ ਆਜ਼ਾਦ ਹੋਵਣ,
ਐਜੀਟੇਸ਼ਨ ਦਾ ਮੀਂਹ ਵਰਸਾਵਸਾਂਗੇ।
ਨਾ ਤਾਂ ਅਸੀਂ ਆਰਾਮ ਦੇ ਨਾਲ ਬਹਿਣਾ,
ਅੱਗੇ ਤੁਸਾਂ ਨੂੰ ਵਖਤ ਹੁਣ ਪਾਵਸਾਂਗੇ।

(ਸੱਚਾ ਢੰਡੋਰਾ, 26 ਜਨਵਰੀ 1926)

ਹੱਥ ਤੇਰੇ ਕੁਝ ਆਵਣਾ ਨਹੀਂ

ਮੁਹਿੰਦਰ ਸਿੰਘ ਬਿਜਲੀ

ਜ਼ਾਲਮ ਜ਼ੁਲਮ ਕਰ ਲੈ ਜਿੰਨਾ ਦਿਲ ਚਾਹੇ,
ਪਿੱਛੇ ਅਸਾਂ ਵੀ ਪੈਰ ਪਰਤਾਵਣਾ ਨਹੀਂ।
ਲਾਲੀ ਚੜ੍ਹਦੀ ਅਸਾਂ ਦੇ ਚਿਹਰਿਆਂ 'ਤੇ,
ਜ਼ੁਲਮ ਵੇਖ ਕੇ ਅਸੀਂ ਡਰ ਜਾਵਣਾ ਨਹੀਂ।
ਸਾਡੇ ਦਿਲ ਹੈ ਚਾਅ ਸ਼ਹੀਦੀਆਂ ਦਾ,
ਜਾ ਕੇ ਜੇਲ੍ਹ ਵਿਚ ਅਸਾਂ ਪਛਤਾਵਣਾ ਨਹੀਂ।
ਅੰਮ੍ਰਿਤ ਛਕਿਆ ਅਸੀਂ ਦਸਮੇਸ਼ ਜੀ ਦਾ,
ਹੋ ਕੇ ਸਿੰਘ ਤੇ ਗੀਦੀ ਸਦਾਵਣਾ ਨਹੀਂ।
ਬਲ ਰਖ ਹਿਰਦੇ, ਅਸੀਂ ਸ਼ਾਂਤ ਵੀਰਾਂ,
ਉੱਤੇ ਕਿਸੇ ਦੇ ਹੱਥ ਉਠਾਵਣਾ ਨਹੀਂ।
ਜੇ ਤੂੰ ਚਾਹੇਂ 'ਇਹ ਕੌਮ ਮੁਕਾ ਦੇਵਾਂ',
ਮੁੱਕ ਏਸ ਭੀ ਕੌਮ ਨੇ ਜਾਵਣਾ ਨਹੀਂ।
ਖਪ ਗਏ ਮੀਰ ਮੰਨੂ, ਲਖਪਤ ਰਾਏ ਜੇਹੇ,
ਏਸ ਕੌਮ ਦਾ ਅੰਤ ਕਦੇ ਆਵਣਾ ਨਹੀਂ।
ਤੈਨੂੰ ਓੜਕ ਸ਼ਰਮਿੰਦਾ ਹੋ ਪਊ ਹਟਣਾ,
ਜਦੋਂ ਹੱਥ ਤੇਰੇ ਕੁਝ ਆਵਣਾ ਨਹੀਂ।

(ਅਕਾਲੀ ਭਬਕ, ਸਫ਼ਾ 33-34)

ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ (ਬੈਂਤ)

ਬੱਧਾ ਸ਼ੇਰ

ਜਿਸ ਦੇ ਵਾਸਤੇ ਛੱਡ ਕੇ ਪੁੱਤ ਧੀਆਂ,
ਦੇਸੋਂ ਦੂਰ ਪਰਦੇਸ ਵਿਚ ਜਾ ਮਰੀਏ।
ਕਾਬਲ, ਚੀਨ, ਨਿਪਾਲ, ਬਗ਼ਦਾਦ, ਤਿੱਬਤ,
ਮਿਸਰ, ਫ਼ਰਾਂਸ ਵਿਚ ਖ਼ੂਨ ਵਹਾ ਮਰੀਏ।
ਜੇ ਕਰ ਉਸੇ ਦੀਆਂ ਗੋਲੀਆਂ ਬੰਬ ਖਾ ਕੇ,
ਸਿਰ 'ਤੇ ਝੱਲ ਕੇ ਮਾਰਸ਼ਲ ਲਾਅ ਮਰੀਏ।
ਕਿਉਂ ਨਾ ਜਿੰਦ ਤੋਂ ਅਸੀਂ ਬੇਜ਼ਾਰ ਹੋਈਏ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।

ਪੈਸੇ ਪੰਜ ਹੈ ਰੋਜ਼ ਔਕਾਤ ਸਾਡੀ,
ਭੁੱਖੇ ਮੁੱਕੀਆਂ ਢਿੱਡ ਨੂੰ ਲਾ ਮਰੀਏ।
ਜਾਈਏ ਟੋਕਰੀ ਢੋਣ ਜਦ ਟਾਪੂਆਂ ਵਿਚ,
'ਕਾਲਾ' 'ਕੁਲੀ' 'ਬੇਸ਼ਰਮ' ਕਹਾ ਮਰੀਏ।
ਦੇਸ ਅਤੇ ਪਰਦੇਸ ਵਿਚ ਹੋਏ ਦੂਰ ਦੂਰ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।

ਕੀੜੇ ਅਤੇ ਮਕੌੜਿਆਂ ਵਾਂਗ ਘਰ ਵਿਚ,
ਬੇ-ਕਸੂਰ ਹੀ ਭੰਗ ਦੇ ਭਾ ਮਰੀਏ।
ਮਾਵਾਂ ਅਤੇ ਭੈਣਾਂ, ਧੀਆਂ ਦੇਵੀਆਂ ਦੇ,
ਜਬਰਨ ਘੁੰਡ ਪਾਪੀ ਤੋਂ ਚੁਕਵਾ ਮਰੀਏ।
ਗਧੀਆਂ, ਕੁੱਤੀਆਂ ਆਦਿ ਕਹਾ ਮਰੀਏ,
ਮੂੰਹ ਸਤਵੰਤੀਆਂ ਉੱਤੇ ਥੁਕਾ ਮਰੀਏ।
ਹੁਕਮਨ ਜ਼ਿਮੀਂ ਤੇ ਢਿੱਡ ਰਗੜਾ ਮਰੀਏ,
ਕਿਉਂ ਨਾ ਏਸ ਗੱਲੋਂ ਮਹੁਰਾ ਖਾ ਮਰੀਏ।

ਧਰਮ-ਚਿੰਨ੍ਹ ਕਿਰਪਾਨ ਦੇ ਪਾਣ ਬਦਲੇ,
ਜੇਲ੍ਹੀਂ ਅੱਡੀਆਂ ਰਗੜ ਰਗੜਾ ਮਰੀਏ।

ਦਾੜ੍ਹੀ ਖੋਲ੍ਹ ਕੇ ਰੱਖਣ ਦੇ 'ਜੁਰਮ' ਖ਼ਾਤਰ,
ਫ਼ੌਜੀ ਕੈਦ ਵਿਚ ਪਾਇ ਸਜ਼ਾ ਮਰੀਏ।
ਦਿਲੀ ਹਾਲ ਜੋ ਖੋਲ੍ਹ ਕੇ ਅਰਜ਼ ਕਰੀਏ,
ਜਿਸਮ ਬੇੜੀਆਂ ਵਿਚ ਜਕੜਾ ਮਰੀਏ।
ਐਸੇ ਹਾਲ ਵਿਚ ਜਿਊਣ ਦਾ ਹੱਕ ਕਾਹਦਾ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।

(ਅਕਾਲੀ ਗੂੰਜ, ਸਫ਼ਾ 44-46)

ਮੰਗੀਏ ਹੱਕ ਤੇ ਨਜ਼ਰ ਮਿਲਾਣ ਕਿਉਂ ਨਹੀਂ

ਰਵੇਲ ਸਿੰਘ*

ਵਿਤੋਂ ਵਧ ਕੇ ਕੀਤੀਆਂ ਭੇਟ ਜਾਨਾਂ,
ਸੁਣਦੇ ਅਰਜ਼ ਸਾਡੀ ਹੁਕਮਰਾਨ ਕਿਉਂ ਨਹੀਂ।
ਅੱਗੋ ਭੇਜ ਕੁਹਾਇਆ ਭਾਈਆਂ ਨੂੰ,
ਮੰਗੀਏ ਹੱਕ ਤੇ ਨਜ਼ਰ ਮਿਲਾਣ ਕਿਉਂ ਨਹੀਂ।
ਮੂੰਹੋਂ ਆਖ 'ਬਹਾਦਰੋ' ਪਿੱਠ ਠੋਕੀ,
ਪੁੱਛਦੇ 'ਕੌਣ ?' ਹੁਣ ਰਹੀ ਪਛਾਣ ਕਿਉਂ ਨਹੀਂ।
ਹਾਇ ਕਹਿਰ ਦਾ ਹੋਇਆ ਇਨਸਾਫ਼ ਸਾਡਾ,
ਵੀਰੋ ਕੂਕਦੇ ਇਕ ਜ਼ਬਾਨ ਕਿਉਂ ਨਹੀਂ।
ਸਾਡੇ ਵਿਚ 'ਦਰਬਾਰ' ਦੇ ਦਖ਼ਲ ਦਿੱਤਾ,
ਹੱਥ ਆਪਣਾ ਪਰ੍ਹੇ ਹਟਾਣ ਕਿਉਂ ਨਹੀਂ।
ਕਹਿੰਦੇ ਮਜ਼੍ਹਬ ਦੇ ਵਿਚ ਨਾ ਦਖ਼ਲ ਦੇਣਾ,
ਮੂੰਹੋਂ ਆਖ ਕੇ ਪੂਰਾ ਕਰਾਣ ਕਿਉਂ ਨਹੀਂ।
ਅਸੀਂ ਜਾਣਦੇ ਹਾਂ ਕੰਮ ਕਾਲਜਾਂ† ਦਾ,
ਸਾਨੂੰ ਦੇ ਕੇ ਰਤਾ ਅਜ਼ਮਾਣ ਕਿਉਂ ਨਹੀਂ।
ਜੇਹਲਾਂ ਵਿਚ ਕਿਉਂ ਬੁਰਾ ਸਲੂਕ ਕਰਦੇ,
ਰੱਖਣ ਦੇਂਵਦੇ ਸਿੱਖੀ ਨਿਸ਼ਾਨ ਕਿਉਂ ਨਹੀਂ।

(ਅਕਾਲੀ ਗੂੰਜ, ਸਫ਼ਾ 87)

---

*ਸਰਾਏ, ਔਰੰਗਾਬਾਦ
†ਖ਼ਾਲਸਾ ਕਾਲਜ ਦੇ ਇੰਤਜ਼ਾਮ ਤੇ ਸਰਕਾਰੀ ਕਬਜ਼ੇ ਵੱਲ ਇਸ਼ਾਰਾ ਹੈ।

ਪੰਜਾਬ ਦਾ ਰਾਜ

ਰਤਨ ਸਿੰਘ ਅਜ਼ਾਦ

ਜਦੋਂ ਰਾਜ ਪੰਜਾਬ ਦਾ ਸਾਂਭਿਆ ਸੀ,
ਤਦੋਂ ਕੀਤਾ ਸੀ ਇਕ ਇਕਰਾਰ ਆ ਕੇ।
ਮਹਾਰਾਜ* ਨੂੰ ਆਪ ਹੀ ਆਖਿਆ ਸੀ,
ਬਾਲਗ ਹੋਣ ਤਕ ਹਾਂ ਸੇਵਾਦਾਰ ਆ ਕੇ।
ਪਿੱਛੋਂ ਦਿਓਗੇ ਰਾਜ ਮਹਾਰਾਜ ਜੀ ਨੂੰ,
ਨੌਕਰਸ਼ਾਹੀ ਕਰਨਾ ਹੈ ਵਪਾਰ ਆ ਕੇ।
ਰਾਜ ਰਾਜਿਆਂ ਦਾ ਮੁੜ ਕੇ ਪਰਤ ਦੇਣਾ,
ਮਾਲਕ ਬਣਨ ਮੁੜ ਕੇ ਹੱਕਦਾਰ ਆ ਕੇ।
ਕੀ ਰੱਜੇ ਨਾ ਤੁਸੀਂ ਵਪਾਰ ਕਰ ਕੇ,
ਅਜੇ ਤਕ ਬਾਲਗ ਨਾ ਮਹਾਰਾਜ ਹੋਇਆ।
ਗ਼ਬਨ ਕੀਤੀ ਅਮਾਨਤ ਪੰਜਾਬ ਸਾਡਾ,
ਸੱਚ ਆਖਿਆਂ ਤੂੰ ਨਾਰਾਜ਼ ਹੋਇਆ।
ਰਾਜ ਪਰਤ ਕੇ ਕਿਸ ਨੂੰ ਸੌਂਪਿਆ ਈ,
ਜ਼ਰਾ ਦੱਸ ਖਾਂ ਖੋਲ੍ਹ ਐਹਵਾਲ ਅੜਿਆ।
ਬਾਗ਼ੀ ਬਣ ਬੈਠੋਂ ਤੂੰ ਪੰਜਾਬ ਅੰਦਰ,
'ਬਾਗ਼ੀ ਕੌਣ ?' ਇਹ ਸਾਡਾ ਸਵਾਲ ਅੜਿਆ।
ਮੁੜ ਕੇ ਰਾਜ ਦੇਣਾ ਰਾਜ ਵਾਲਿਆਂ ਨੂੰ,
ਜੇ ਕਰ ਹੋਵਣਾ ਚਾਹੇ ਬਹਾਲ ਅੜਿਆ।
ਨਹੀਂ ਤਾਂ ਯਾਦ ਰੱਖ ਛਿੱਕ ਛੁੜਾ ਦੇਸਾਂ,
ਸ਼ਾਂਤਮਈ ਦੀ ਖੜਗ ਉਠਾਲ ਅੜਿਆ।
ਪਿੱਛੋਂ ਕਹੀਂ ਨਾ ਕਿਸੇ ਨੇ ਦੱਸਿਆ ਨਹੀਂ,
ਤੈਨੂੰ ਅੱਗੋਂ ਹੀ ਪਏ ਵੰਗਾਰਦੇ ਹਾਂ।
ਅੱਧੀ ਰਾਤ ਨੂੰ ਤੇਰੇ ਨਾ ਵਾਂਗ ਅੜਿਆ,
ਲੁਕ ਛਿਪ ਡਾਕੇ ਅਸੀਂ ਮਾਰਦੇ ਹਾਂ।

(ਬਾਗ਼ੀ ਸਿੱਖ ਕਿ ਸਰਕਾਰ ?
ਪੰਜਾਬ ਖ਼ਾਲਸਾ ਪ੍ਰੈਸ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ)

*ਮਹਾਰਾਜਾ ਦਲੀਪ ਸਿੰਘ ਵੱਲ ਇਸ਼ਾਰਾ ਹੈ।

ਤੇਰਾ ਬਿੱਲ ਹੈ ਨਹੀਂ ਮਨਜ਼ੂਰ ਸਾਨੂੰ

ਨਾਹਰ ਸਿੰਘ*

ਮੱਦਦਾਂ ਕੀਤੀਆਂ ਭੁੱਲੀਆਂ ਸਭ ਤੈਨੂੰ,
ਲੁੱਟ ਲਿਆ ਤੇਰੀ ਸ਼ਕਲ ਹੂਰ ਸਾਨੂੰ।
ਨਾਲ ਰੱਤ ਦੇ ਪਾਲਿਆ ਤੁਝ ਤਾਈਂ,
ਉੱਤੇ ਹਿੱਕ ਦੇ ਬੈਠ ਨਾ ਘੂਰ ਸਾਨੂੰ।
ਭਾਵੇਂ ਮੋਰਚੇ ਵੈਰੀਆਂ ਦੇ ਤੋੜੇ,
ਕੁਲੀ ਆਖਦਾ ਰਿਹੈ ਮਗ਼ਰੂਰ ਸਾਨੂੰ।
ਡਾਹ ਕੇ ਛਾਤੀਆਂ ਮਰਨ ਦਾ ਖ਼ੂਬ ਬਦਲਾ,
ਦਿੱਤਾ ਮਾਰਸ਼ਲ ਲਾਅ ਹਜ਼ੂਰ ਸਾਨੂੰ।
ਜਦੋਂ ਧਰਮ ਆਜ਼ਾਦੀ ਨੂੰ ਮੰਗਿਆ ਏ,
ਪਾਯਾ ਜੇਲ੍ਹ ਵਿਚ ਬਿਨਾਂ ਕਸੂਰ ਸਾਨੂੰ।
ਚੰਗੀ ਗੱਲ ਹੈ ਹਠ ਨੂੰ ਛੱਡ ਦੇਣਾ,
ਨਿੱਤ ਨਵੇਂ ਨਾ ਪਾ ਫਤੂਰ ਸਾਨੂੰ।
ਮਨ ਭਾਂਵਦਾ ਬਿੱਲ ਬਣਾ ਨਾਹੀਂ,
ਤੇਰਾ ਬਿੱਲ ਇਹ ਨਹੀਂ ਮਨਜ਼ੂਰ ਸਾਨੂੰ।
ਨਾਹਰ ਸਿੰਘ ਰਾਖਾ ਦਸਮੇਸ਼ ਸਾਡਾ,
ਨੇੜੇ ਆ ਗਿਆ ਸਮਾਂ ਜੋ ਦੂਰ ਸਾਨੂੰ।

(ਅਕਾਲੀ, 12 ਜੂਨ 1922)

*ਚਮਿਆਰਾ (ਜਲੰਧਰ)

ਸ਼ਹੀਦੀ ਖ਼ੂਨ ਨਾ ਮਿੱਟੀ ਵਿਚ ਮੇਲਿਓ ਜੀ

ਮਾਨ ਸਿੰਘ ਗੰਥੀ*

ਸੁਣੋ ਲੀਡਰੋ, ਭਾਈ ਪਲੀਡਰੋ ਜੀ,
ਸ਼ਹੀਦੀ ਖ਼ੂਨ ਨਾ ਮਿੱਟੀ ਵਿਚ ਮੇਲਿਓ ਜੀ।
ਦੁਖੀ ਕੌਮ ਦੇ ਬਣੇ ਮਲਾਹ ਤੁਸੀਂ,
ਕਿਸੇ ਭਲੇ ਪਾਸੇ ਕਿਸ਼ਤੀ ਠੇਲ੍ਹਿਓ ਜੀ।
ਹਾਂ, ਚੀਫੜਾਂ ਲੀਡਰਾਂ ਲੱਗ ਪਿੱਛੇ,
ਸਭੋ ਛੋੜ ਇਕ 'ਬਿੱਲ' ਨਾ ਲੈ ਲਿਓ ਜੀ।
26 ਮਈ ਨੂੰ ਖ਼ਾਸ ਹੁਸ਼ਿਆਰ ਰਹਿਣਾ,
ਧੋਖਾ ਦਿੱਸੇ ਤਾਂ ਪੰਥ ਨੂੰ ਕਹਿ ਲਿਓ ਜੀ।
ਫੋਕੇ ਮੰਗਲਾਂ ਤੋਂ ਸਾਨੂੰ ਜੰਗਲ ਭਲੇ,
ਦਾਨ ਖ਼ੂਨ ਸ਼ਹੀਦੀ ਦਾ ਮੰਗਦਾ ਆ।
ਜਦ ਤਕ ਹੋਣ ਨਾ ਕੁਲ ਆਜ਼ਾਦ ਕੈਦੀ,
ਝਾਂਸਾ ਖਾਣਾ ਨਾ ਬਿੱਲ ਦੀ ਕੰਗ ਦਾ ਆ।

(ਬੱਬਰ ਸ਼ੇਰ, 30 ਅਪ੍ਰੈਲ 1925)

*ਚੱਕ 113, ਚੀਚਾ ਵਤਨੀ

ਸ਼ਿਰੋਮਣੀ ਕਮੇਟੀ ਸਾਨੂੰ ਜਾਨ ਤੋਂ ਪਿਆਰੀ ਹੈ

ਹਰੀ ਹਰਿ ਜੀ 'ਅਟਲ'

ਧਰਮ ਸਥਾਨੀ ਹੁੰਦਾ ਪਾਪ ਦਿਨ ਰੈਨ ਤਕ,
ਖ਼ਾਲਸੇ ਦੇ ਸੀਨੇ ਆਣ ਲੱਗਦੀ ਕਟਾਰੀ ਹੈ।
ਮਾਸ ਤੇ ਸ਼ਰਾਬ ਨਿੱਤ ਉੱਡਦੇ ਕਬਾਬ ਰਹਿਣ,
ਮਹੰਤ ਬਦਚਲਣਾਂ ਨੇ ਖੋਟੀ ਨੀਤ ਧਾਰੀ ਹੈ।
ਤਖ਼ਤ ਅਕਾਲ 'ਕੱਠੇ ਹੋਇ ਪੰਥ ਹੀਰਿਆਂ ਨੇ,
ਤੱਤ ਹੀ ਸੁਧਾਰ ਹਿੱਤ ਕਰ ਲਈ ਤਿਆਰੀ ਹੈ।
ਕਰਨ ਦਵਾਰੇ ਗੁਰੂ ਪੰਥ ਪ੍ਰਬੰਧ ਹੇਠਾਂ,
ਕੱਢਦੀ ਆਵਾਜ਼ ਮੂੰਹੋਂ ਕੌਮ ਇਹੋ ਸਾਰੀ ਹੈ।
ਸੋਧ ਗੁਰਮਤਾ ਹੁਣ ਨਿੱਜ ਪ੍ਰਤੀਨਿਧ ਵਿਚੋਂ,
ਸ਼ਿਰੋਮਣੀ ਕਮੇਟੀ ਵਾਲੀ ਤਦੋਂ ਨੀਂਹ ਡਾਰੀ ਹੈ।
ਗੁਰੂ ਬਾਗ, ਚਾਬੀ ਆਦਿ ਮੋਰਚੇ ਕਈ ਫ਼ਤਹਿ ਕੀਤੇ,
ਧਰਮ ਸਥਾਨਾਂ ਹਿਤ ਜਿੰਦ ਜਾਨ ਵਾਰੀ ਹੈ।
ਹੇਰਾਂ ਫੇਰਾਂ ਨਾਲ ਵੇਖੋ ਹਸਤੀ ਮਿਟਾਵਣੇ ਨੂੰ,
ਸੈਂਟ੍ਰਲ ਬੋਰਡ ਦੇ ਬਣਾਉਣ ਦੀ ਤਿਆਰੀ ਹੈ।
ਐਪਰ ਹੁਣ ਕੌਮ ਖ਼੍ਵਾਬ-ਗ਼ਫ਼ਲਤ 'ਚੋਂ ਬੇਦਾਰ ਹੋਈ,
ਚੱਲ ਨਹੀਂ ਸਕੇ ਇਹਦੀ ਕੋਈ ਹੁਸ਼ਯਾਰੀ ਹੈ।
ਜਦੋਂ ਤਕ ਜ਼ਿੰਦਾ ਸਿਖ ਬੱਚਾ ਇਕ ਜੱਗ ਵਿਚ,
ਹੋਣ ਬਰਬਾਦ ਨਹੀਂ ਦੇਵੇ ਇਹ ਕਯਾਰੀ ਹੈ।
ਤਨ ਮਨ ਵਾਹ ਕੇ ਬਚਾਊ ਫੁਟ ਬੂਟਿਆਂ ਨੂੰ,
ਸ਼ਿਰੋਮਣੀ ਕਮੇਟੀ ਸਾਨੂੰ ਜਾਨ ਤੋਂ ਪਿਆਰੀ ਹੈ।

(ਕਿਰਪਾਨ ਬਹਾਦਰ, 10 ਜੁਲਾਈ 1925)

ਸਿਖ ਮੈਂਬਰੋ ਕੌਂਸਲਾਂ ਛਡ ਦੇਵੋ

ਹਰਦਿੱਤ ਸਿੰਘ ਗੰਥੀ*

ਸਿਖ ਮੈਂਬਰੋ ਕੁਰਸੀਆਂ ਛੱਡ ਦੇਵੋ,
ਜੱਸ ਖੱਟ ਲਓ ਗੁਰੂ ਦਰਬਾਰ ਦਾ ਜੀ।
ਜੇ ਤਾਂ ਕੌਮ ਦਾ ਸਾਥ ਹੁਣ ਛਡ ਦਿੱਤਾ,
ਤੌਕ ਪਾਓਗੇ ਗਲੀਂ ਗ਼ੱਦਾਰ ਦਾ ਜੀ।
ਹਾਏ ਜ਼ੁਲਮ ਕੇਡੇ ਗੁਰਧਾਮੀਂ ਕਰੀ ਜਾਂਦੇ,
ਹਿਰਦਾ ਸਿਖ ਦਾ ਕਿਵੇਂ ਸਹਾਰਦਾ ਜੀ।
ਆਵੋ ਮਿਲ ਜਾਵੋ ਤੁਸੀਂ ਵੀਰ ਮੇਰੇ,
ਸਮਾਂ ਆਇਆ ਕੋਈ ਗੁਲਜ਼ਾਰ ਦਾ ਜੀ।
ਆਵੋ ਮਿਲ ਜਾਵੋ ਤੁਸੀਂ ਵੀਰ ਮੇਰੇ,
ਇਹ ਤਾਂ ਸਮਾਂ ਹੈ ਵੀਰ ਪਯਾਰ ਦਾ ਜੀ।
ਆਵੋ ਮਿਲ ਜਾਵੋ ਤੁਸੀਂ ਵੀਰ ਸੋਹਣੇ,
ਮੈਂ ਤਾਂ ਭੁੱਖਾ ਹਾਂ ਤੁਹਾਡੇ ਦੀਦਾਰ ਦਾ ਜੀ।
ਸਿਖ ਲੀਗ ਦਾ ਹੁਕਮ ਪ੍ਰਵਾਨ ਕਰ ਲਓ,
ਭਾ ਪੁੱਛ ਲਓ ਠੀਕ ਬਜ਼ਾਰ ਦਾ ਜੀ।

(ਅਕਾਲੀ ਗੂੰਜ, ਸਫ਼ਾ 140)

*ਖਿਜਰਾਬਾਦ

ਰੋੜਾ ਕੌਮ ਦੇ ਰਾਹ ਅਟਕਾਣ ਜੇਹੜੇ

ਬਿਰਹਾ

ਫਿੱਟ ਲਾਹਨਤਾਂ ਉਨ੍ਹਾਂ ਭੜਭੂੰਜਿਆਂ ਨੂੰ,
ਰੋੜਾ ਕੌਮ ਦੇ ਰਾਹ ਅਟਕਾਣ ਜੇਹੜੇ।
ਦਿਲ ਜੀ ਹਜ਼ੂਰੀਆਂ ਬੰਨ੍ਹ ਪੱਲੇ,
ਲੋਈ ਲੱਜਿਆ ਨੂੰ ਸੁੱਟ ਜਾਣ ਜੇਹੜੇ।
ਸੋਹਣੇ ਮੁਖੜੇ ਬੀਬੀਆਂ ਬੰਨ੍ਹ ਪੱਗਾਂ,
ਕੌਮ ਰਾਹ ਕਵੱਲੜੇ ਪਾਣ ਜੇਹੜੇ।
ਕਾਲਖ ਖੋਟ ਤੇ ਦਿਲਾਂ ਨੂੰ ਰੱਖ ਓਹਲੇ,
ਹੱਥ ਖੜੇ ਅਸਮਾਨ ਨੂੰ ਲਾਣ ਜੇਹੜੇ।

(ਅਕਾਲੀ ਗੂੰਜ, ਸਫ਼ਾ 141)

ਕੂੰਜਾਂ ਵਿਛੜੀਆਂ ਕਦ ਆ ਡਾਰ ਮਿਲਸਨ

ਗੁਰਮੁਖ ਸਿੰਘ ਮੁਸਾਫ਼ਿਰ

ਲੋਕੀਂ ਆਖਦੇ ਕੌਂਸਲ ਨੇ ਪਾਸ ਕੀਤਾ,
ਸਾਡੇ ਵੀਰਨਾਂ ਨੂੰ ਛੇਤੀ ਛੋੜ ਦੇਸਨ।
ਪਿੰਜਰੇ ਖੋਲ੍ਹਸਨ ਫਾਥੀਆਂ ਬੁਲਬੁਲਾਂ ਦੇ,
ਬੰਦ ਪੰਛੀਆਂ ਦੇ ਬੰਦ ਛੋੜ ਦੇਸਨ।
ਘਰੋਂ ਵਿਛੜਿਆਂ ਦਰੋਂ ਬੇਦਰ ਹੋਇਆਂ,
ਬੰਦ ਪੰਛੀਆਂ ਦੇ ਬੰਦ ਛੋੜ ਦੇਸਨ।

ਸਾਡੇ ਦਿਲੀ ਅਰਮਾਨ 'ਪ੍ਰਕਾਸ਼ ਸਿੰਘ' ਨੂੰ,
ਕੌਣ ਲਿਆਉਸੀ ਆਪਣੇ ਘਰ ਸਾਈਆਂ।
ਘਰ ਵਾਲੜੀ ਦੀ ਤਾਂ ਉਡੀਕ ਮੁੱਕ ਗਈ,
ਚੁੱਕਿਆ ਸਦਾ ਦਾ ਹੀ ਇੰਤਜ਼ਾਰ ਸਾਈਆਂ।

ਘਰ ਘਰ ਇਹ ਗਲੀ ਬਾਜ਼ਾਰ ਚਰਚਾ,
ਬੀਰ ਛੁੱਟ ਕੇ ਆਣ ਦਿਲਦਾਰ ਮਿਲਸਨ।
ਪਤੀ ਨਾਰ ਨੂੰ, ਭੈਣ ਨੂੰ ਵੀਰ ਮਿਲਸੀ,
ਬੱਚਾ ਮਾਤ ਨੂੰ, ਯਾਰ ਸੰਗ ਯਾਰ ਮਿਲਸਨ।
ਸਾਡੇ ਬਾਗ਼ ਵੱਲ ਫੇਰ ਬਹਾਰ ਆਸੀ,
ਮੋਤੀ ਆਣ ਕੇ ਫੇਰ ਵਿਚ ਹਾਰ ਮਿਲਸਨ।
ਗ਼ਮ ਦੂਰ ਸਭ ਦੁੱਖ ਕਾਫ਼ੂਰ ਹੋਸਨ,
ਜਾਨੀ ਆਣ ਜਦੋਂ ਗ਼ਮਖ਼ਾਰ ਮਿਲਸਨ।

ਸੁੰਞੀ ਪਈ ਜੋ ਫ਼ੌਜ ਸਰਦਾਰ ਬਾਝੋਂ,
ਆਣ ਜਥਿਆਂ ਨੂੰ ਜਥੇਦਾਰ ਮਿਲਸਨ।
ਜਥੇਬੰਦ ਹੋ ਕੈਸੀ ਕਤਾਰ ਬਣਸੀ,
ਕੂੰਜਾਂ ਵਿਛੜੀਆਂ ਆਣ ਵਿਚ ਡਾਰ ਮਿਲਸਨ।
ਬਣੀ ਗੀਤ ਪਰੀਤ ਜਹਾਨ ਅੰਦਰ,

ਅੰਗ ਸਾਕ ਵੀ ਸੰਗ ਪਰਵਾਰ ਮਿਲਸਨ।
ਪੁੱਛੋ ਸਿੰਘ ਦਲੀਪ* ਦੀ ਭੈਣ ਕੋਲੋਂ,
ਵੀਰ ਮਿਲਣ ਤੇ ਆਸ ਦੀ ਵਾਰ ਕੋਈ ਨਹੀਂ।
ਵੀਰ ਦਰਸ ਕਿਥੋਂ ਤੇ ਦੀਦਾਰ ਕਿਥੋਂ,
ਆਸਾਂ ਮੁੱਕ ਚੱਲੀਆਂ ਇੰਤਜ਼ਾਰ ਕੋਈ ਨਹੀਂ।

(ਪੰਜਾਬ ਦਰਪਨ, ਅੰਮ੍ਰਿਤਸਰ, 13 ਅਪ੍ਰੈਲ 1923)

*ਸ. ਦਲੀਪ ਸਿੰਘ ਸ਼ਹੀਦ ਨਨਕਾਣਾ ਸਾਹਿਬ ਵੱਲ ਇਸ਼ਾਰਾ ਹੈ।

(ਬਾਬਾ ਖੜਕ ਸਿੰਘ)

ਸ਼ੇਰ ਪ੍ਰਧਾਨ ਆਇਆ ਪਿੰਜਰੇ 'ਚੋਂ ਛੁੱਟ ਕੇ

ਗੰਗਾ ਸਿੰਘ ਬੇਦੀ

ਸਾਰੀ ਸਿਖ ਕੌਮ ਤਾਈਂ ਹੋਵੇ ਜੀ ਵਧਾਈ ਅੱਜ,
ਸ਼ੇਰ ਪ੍ਰਧਾਨ ਆਇਆ ਪਿੰਜਰੇ 'ਚੋਂ ਛੁੱਟ ਕੇ।
ਚਿਰਾਂ ਦੀ ਵਿਛੋੜੇ ਵਾਲੀ ਅੱਗ ਸੀਗੀ ਬਲ ਰਹੀ,
ਪਾਵੋ ਠੰਡ ਵੀਰ ਛਾਤੀ ਲਾਵੋ ਘੁੱਟ ਘੁੱਟ ਕੇ।
ਛੱਡੋ ਏਸ ਫੁੱਟ ਨੂੰ ਜੋ ਫੋੜ ਕੇ ਵੈਰਾਨ ਕਰੇ,
ਦਿਲਾਂ ਵਿਚੋਂ ਡੈਣ ਤਾਈਂ ਕੱਢੋ ਕੁੱਟ ਕੁੱਟ ਕੇ।
ਪ੍ਰੇਮ ਤੇ ਪਿਆਰ ਨਾਲ ਜਥੇਬੰਦੀ ਵਿਚ ਆਵੋ,
ਅੱਗੇ ਦੁੱਖ ਪਾਇਆ ਹੈ ਬਥੇਰਾ ਟੁੱਟ ਟੁੱਟ ਕੇ।
ਪਿੰਜਰੇ ਦੇ ਵਿਚ ਭਾਵੇਂ ਜ਼ਾਲਮਾਂ ਨੇ ਬੰਦ ਕੀਤਾ,
ਮੰਨੀ ਈਨ ਸ਼ੇਰ ਵੀ ਨਾ ਥੱਕੇ ਹੁੱਟ ਹੁੱਟ ਕੇ।
ਨੰਗ ਹੀ ਧੜੰਗ ਸ਼ੇਰ ਪਿੰਜਰੇ ਦੇ ਵਿਚ ਫਿਰੇ,
ਧੁੱਪ ਅਤੇ ਪਾਲਾ ਮਾਰ ਕੱਢੇ ਕੁੱਟ ਕੁੱਟ ਕੇ।
ਝੁਕਿਆ ਤੇ ਝੰਮਿਆ ਨਾ ਜੇਲ੍ਹ ਦੇ ਕਸ਼ਟ ਅੱਗੇ,
ਮੌਜ ਇਹ ਆਜ਼ਾਦੀ ਵਾਲੀ ਆਇਆ ਲੁੱਟ ਲੁੱਟ ਕੇ।
ਤਪੀ ਹੱਠੀ ਵੀਰਤਾ ਦਾ ਪੁੰਜ ਜਥੇਦਾਰ ਸਾਡਾ,
ਬਾਂਕਾ ਸ਼ੇਰ ਆਇਆ ਅੱਜ ਪਿੰਜਰੇ 'ਚੋਂ ਛੁੱਟ ਕੇ।

ਪਰਦੇਸੀ 'ਤੇ ਪਹਿਲਾ ਹਮਲਾ

ਕਰਤਾਰ ਸਿੰਘ ਕਵੀ*

ਕਰ ਲੈ ਹੋਰ ਭੀ ਤੈਥੋਂ ਜੇ ਹੋ ਸਕੇ,
ਬੂਟਾ ਧਰਮੀਆਂ ਦਾ ਸੁਕ ਜਾਵਣਾ ਨਹੀਂ।
ਭਾਵੇਂ ਕਰ ਤੂੰ ਬੰਦ ਵਿਚ ਖ਼ਾਨਿਆਂ ਦੇ,
ਏਸ ਫੁੱਲ ਨੇ ਮੂਲ ਕੁਮਲਾਵਣਾ ਨਹੀਂ।
ਹੋਇਆ ਕੀ ਜੇ ਫੜ ਲਿਆ 'ਸਿੰਘ ਤਾਰਾ'†'
ਪਿੱਠ ਵੀਰ ਪ੍ਰਦੇਸੀ ਦਿਖਾਵਣਾ ਨਹੀਂ।
ਐਪਰ ਯਾਦ ਰੱਖ ਮਾਦਾ-ਪ੍ਰਸਤ ਕੌਮੇ,
ਲਏ ਬਾਝ ਸਵਰਾਜ ਹਟ ਜਾਵਣਾ ਨਹੀਂ।

(ਪ੍ਰਦੇਸੀ ਖ਼ਾਲਸਾ, 14 ਅਪ੍ਰੈਲ 1922)

*ਅੰਮ੍ਰਿਤਸਰ

†ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵੱਲ ਇਸ਼ਾਰਾ ਹੈ। ਮਾਸਟਰ ਜੀ ਨੂੰ 5 ਅਪ੍ਰੈਲ 1922 ਦੇ ਦਿਨ ਇਕ ਲੇਖ ਲਿਖਣ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ।

ਮੋਤਾ ਸਿੰਘ ਉਹ ਅਕਾਲੀ ਹੈ

ਕਿਸ਼ਨ ਸਿੰਘ ਗੜਗੱਜ

ਘੰਟ ਖੜਕਾਇਆ, ਸੁੱਤੇ ਹਿੰਦੀਆਂ ਜਗਾਇਆ,
ਵਖਤ ਗੋਰਿਆਂ ਨੂੰ ਪਾਇਆ, ਕਿਹੜੀ ਜੋਤ ਉਹ ਬਿਸਾਲੀ ਹੈ।

ਕੀਹਨੇ ਜਾਣਿਆ ਫ਼ਰਜ਼, ਬੋਲੇ ਸ਼ੇਰ ਦੀ ਗਰਜ,
ਡਰੇ ਤੋਪ ਨਾ ਮਸ਼ੀਨੋਂ, ਕਿਹੜੀ ਸੂਰਤ ਨਿਰਾਲੀ ਹੈ।

ਦਰਦ ਵੀਰਾਂ ਦੇ ਵੰਡਾਏ, ਪੈਰੀਂ ਜੋੜਾ ਵੀ ਨਾ ਪਾਏ,
ਰੋਟੀ ਅੱਠ ਪਹਿਰੀਂ ਖਾਏ, ਕਥਾ ਅਜਬ ਦਿਖਾਲੀ ਹੈ।

ਸ਼ੇਰ ਗੱਜੇ ਨਨਕਾਣੇ, ਲੈਕਚਰ ਦੇਵੇ ਮਨ ਭਾਣੇ,
ਹੱਥ ਜ਼ਾਲਮਾਂ ਨਾ ਆਵੇ, ਮੋਤਾ ਸਿੰਘ ਉਹ ਅਕਾਲੀ ਹੈ।

(ਸੰਸਾਰ, 7 ਦਸੰਬਰ 1921)

ਮਾਈ ਕਿਸ਼ਨ ਕੌਰ

ਪਰਵਾਨਾ

ਟਿੱਬੀ ਸਾਹਿਬ ਖਲੋ ਇਕ ਕਿਸ਼ਨ ਕੌਰਾਂ,
ਨਿਗਾਹ ਵੱਲ ਸ਼ਹੀਦਾਂ ਦੇ ਮਾਰਦੀ ਏ।
ਚੜ੍ਹੀ ਲੋਥ 'ਤੇ ਲੋਥ ਜਾਂ ਨਜ਼ਰ ਆਈ,
ਵਿਲਸਨ ਸਾਬ੍ਹ ਦੇ ਤਾਈਂ ਲਲਕਾਰਦੀ ਏ।
ਸਿੰਘ ਮੋਏ ਨਾ ਗੋਰਿਆ ਸਮਝ ਛੱਡੀਂ,
ਆਈ ਮੌਤ ਇਹ ਤੇਰੀ ਸਰਕਾਰ ਦੀ ਏ।
ਫਲ ਭੁਗਤਣਾ ਪਊਗਾ ਅੰਤ ਤੈਨੂੰ,
ਵਿਲਸਨ ਸਾਬ੍ਹ ਦਾ ਮੁਖ ਫਿਟਕਾਰਦੀ ਏ।
ਜਿੱਤ ਲਿਆ ਏ ਮੋਰਚਾ ਖ਼ਾਲਸਾ ਜੀ,
ਪੱਲੂ ਫੇਰ ਕੇ 'ਵਾਜਾਂ ਉਹ ਮਾਰਦੀ ਏ।
ਖੜ੍ਹ ਕੇ ਅਮਰ ਸ਼ਹੀਦਾਂ ਦੇ ਢੇਰ ਕੋਲੋਂ,
ਆਪਾ ਫੱਟੜਾਂ ਉਪਰੋਂ ਵਾਰਦੀ ਏ।
ਨਾਲੇ ਨਾਲ ਰੁਮਾਲ ਦੇ ਮੁਖ ਪੂੰਝੇ,
ਭਿੱਜੇ ਖ਼ੂਨ ਦੇ ਕੇਸ ਸਵਾਰਦੀ ਏ।
ਸ਼ਮ੍ਹਾ ਸਿਦਕ ਤੇ ਸੜੇ ਪ੍ਰਵਾਨਿਆਂ ਨੂੰ,
ਆਪਾ ਬਾਣੀ ਦਾ ਪਾਣੀ ਪਈ ਠਾਰਦੀ ਏ।

ਖ਼ਾਲਸੇ ਨਾਲ ਮੱਥਾ

ਫੁਲੇਰਾ

ਸ਼ਾਲਾ! ਕਦੇ ਨਾ ਵੱਸਣ ਉਹ ਘਰਾਂ ਵਾਲੇ,
ਕੁੱਲੀ ਸਾਡੀ ਨੂੰ ਜਿਨ੍ਹਾਂ ਤਰੋੜਿਆ ਏ।
ਬੁਲਬੁਲ ਟਹਿਕਦੀ ਨੂੰ 'ਫੂਲ' ਬਾਗ ਵਿਚੋਂ,
ਹਾਏ ਜ਼ਾਲਮਾਂ ਪਕੜ ਮਰੋੜਿਆ ਏ।
ਤਾਰੀ ਲਾਵੰਦੇ ਪੰਥ ਦਰਿਆ ਅੰਦਰ,
ਨਾਭਾ ਬੀੜ ਨੂੰ ਫ਼ਰੰਗੀਆਂ ਬੋੜਿਆ ਏ।
ਗ਼ੈਬੀ ਕਹਿਰ ਦਾ ਗੜਾ ਹੁਣ ਵਰਸਣਾ ਏ,
ਮੱਥਾ ਖ਼ਾਲਸੇ ਸਿਉਂ ਜਿਨ੍ਹਾਂ ਜੋੜਿਆ ਏ।

(ਕਿਰਪਾਨ ਬਹਾਦਰ, 10 ਜੁਲਾਈ 1925)

ਤੇਰੇ ਦੁਖ ਦੀ ਹਾ

ਤਰਲੋਚਨ ਸਿੰਘ 'ਬੁਝਦਿਲ'

ਜੇ ਤੂੰ ਝਿਜਕਿਓਂ ਹੁਣ ਕੁਰਬਾਨੀਆਂ ਥੀਂ,
ਤੇਰੇ ਗਲ ਗ਼ੁਲਾਮੀ ਦਾ ਜਾਲ ਹੋਸੀ।
ਬੁੱਕਲ ਵਿਚ ਜੋ ਰੱਖਿਆ ਸੱਪ ਜ਼ਹਿਰੀ,
ਮਾਰੂ ਡੰਗ ਨਾ ਪਤਾ ਰਵਾਲ ਹੋਸੀ।
ਜੇ ਇਹ ਜੋਕ ਨਰੋਆ ਖਾ ਚੂਸਦੀ ਰਹੀ,
ਲਹੂ ਸੁੱਕ ਸਰੀਰ ਦਾ ਡਾਲ ਹੋਸੀ।
ਡਾਕੂ ਲੁੱਟਦੇ ਨੂੰ ਜੇ ਤੂੰ ਰੋਕਿਆ ਨਾ,
ਸਾਰੀ ਖਾਲਸਾ ਕੌਮ ਕੰਗਾਲ ਹੋਸੀ।

(ਅਕਾਲੀ ਗੂੰਜ, ਸਫ਼ਾ 13)

ਗੁਰਧਾਮ ਸੁਧਾਰ ਸੇਵਾ

ਇਕ ਧਰਮ ਜਗਿਆਸੂ

ਹੀਰੇ, ਰਾਂਝੇ ਦਾਂ ਮਿਲਣਾ ਤਾਂ ਕਿਤੇ ਰਿਹਾ,
ਜਾਨ ਆਪਣੀ ਦੀ ਖ਼ੈਰ ਮੰਗ ਅੜੀਏ।
ਸਾਡੀ ਸ਼ਰਮ ਤੇ ਆਪਣੀ ਜਿੰਦ ਤਾਈਂ,
ਲਹੂ ਰਾਂਝਣੇ ਵਿਚ ਨਾ ਰੰਗ ਅੜੀਏ।

ਧਰਮ ਸੇਵਾ ਦੇ ਵਿਚ ਨਾ ਫ਼ਰਕ ਪਵੇ,
ਗੁਰਧਾਮ ਸੁਧਾਰ ਜਿੰਦ ਜਾਨ ਮੇਰੀ।
ਕਾਜ਼ੀ ਛੱਡ ਡਰਾਵਣਾ ਸਖ਼ਤੀਆਂ ਤੋਂ,
ਰੱਖੇ ਲੱਜਿਆ ਆਪ ਭਗਵਾਨ ਮੇਰੀ।

ਅੱਖੀਂ ਕੱਢ ਡਰਾਵਣਾ ਲੋੜ ਕੀ ਹੈ?
ਸਾਡਾ ਪੈਰ ਪਿਛਾਹਾਂ ਨਾ ਹਟ ਜਾਣਾ।
ਸੱਚ ਧਰਮ ਸੇਵਾ ਖ਼ਾਤਿਰ ਖਿੜੇ ਮੱਥੇ,
ਅਸਾਂ ਪੋਰੀਆਂ ਪੋਰੀਆਂ ਕਟ ਜਾਣਾ।

(ਪੰਜਾਬ ਦਰਪਣ, 1 ਮਾਰਚ 1922)

ਕਾਰ ਸੇਵਾ

ਗੁਰਬਖ਼ਸ਼ ਸਿੰਘ*

ਜਿੱਥੇ ਟੋਕਰੇ ਗੁਰਾਂ ਨੇ ਆਪ ਢੋਏ,
ਓਸ ਥਾਂ ਦਾ ਦਰਸ ਚਾ ਪਾਓ ਸਾਰੇ।
ਓਥੇ ਤਾਲ ਦੇ ਕਾਰ ਦੀ ਹੋਏ ਸੇਵਾ,
ਵਿਚ ਨਗਰਾਂ ਢੋਲ ਵਜਾਓ ਸਾਰੇ।
ਕਹੀ ਟੋਕਰੀ ਚੁੱਕ ਕੇ ਆਪ ਅੱਗੇ,
ਪਿੱਛੇ ਹੋਰ ਪਰਵਾਰ ਨੂੰ ਲਾਓ ਸਾਰੇ।
ਸੇਵਾ ਪਰੇਮ ਦਾ ਓਹ ਦਰਯਾ ਵਗੇ,
ਸਾਰੀ ਪਾਪਾਂ ਦੀ ਮੈਲ ਰੁੜ੍ਹਾਓ ਸਾਰੇ।
ਨਾਮ ਦਾਨ ਇਸ਼ਨਾਨ ਦਾ ਯਗ ਲਗਾ,
ਸਮਾਂ ਆਇਆ ਹੱਥ ਨਾ ਜਾਏ ਭਾਈ।
ਪੰਜਵੇਂ ਗੁਰੂ ਦੇ ਚਰਨ ਦੀ ਧੂੜ ਉੱਤੇ,
ਅਸਾਂ ਤਨ ਤੇ ਮਨ ਘੁਮਾਏ ਭਾਈ।

(ਅਕਾਲੀ, 5 ਜੁਲਾਈ 1923)

*ਝਬਾਲ

ਗੁਰੂ ਨਾਨਕ

ਬਿਸਰਾਮ ਸਿੰਘ ਗਿਆਨੀ

ਮੈਂ ਕੁਰਬਾਨ, ਕੁਰਬਾਨੀਆਂ ਕੀਤੀਆਂ ਜੋ,
ਹਿਰਦੇ ਧਾਰੀਆਂ, ਯਾਦ ਕਰਾਲੀਆਂ ਨੇ।
ਹਿਰਦੇ ਰੱਬ ਦੇ ਉਹ ਯਕੀਨ ਹੋਇਆ,
'ਸਵੈਰਾਜ' ਲੈਣਾ ਹੈ ਅਕਾਲੀਆਂ ਨੇ।
ਪਹੁੰਚਾ ਮੈਂ ਭੀ ਸਾਂ, ਜਿਸ ਨੂੰ ਜੇਲ੍ਹ ਆਖੋ,
ਇਹ ਆਜ਼ਾਦੀ ਦੀਆਂ ਘਟਾਂ ਕਾਲੀਆਂ ਨੇ।
ਦੁਖ ਝੱਲ ਕੇ ਸੁਖੀ ਸੰਸਾਰ ਕਰਨਾ,
'ਗੁਰ ਸਿੱਖੀ' ਦੀ ਰੀਤ ਨਿਰਾਲੀਆਂ ਨੇ।

(ਅਕਾਲੀ ਗੂੰਜ, ਸਫ਼ਾ 54)

ਬਾਬੇ ਅੱਗੇ 'ਰੋਗੀਆਂ ਦੀ ਪੁਕਾਰ'

ਮਨੋਰਥ ਸਿੰਘ*

ਸੁਣਿਐ ਵੈਦ ਹੈਂ ਰੋਗਾਂ ਗੁੱਝਿਆਂ ਦਾ,
ਬਾਬਾ ਰੋਗ ਅਸਾਡੜੇ ਦੂਰ ਕਰ ਦੇ।
ਦੇ ਕੇ 'ਏਕਤਾ' ਦੀ ਚੂੰਢੀ ਇਕ ਸਾਨੂੰ,
ਡਰ ਛਾਤੀਓਂ ਕੱਢ ਕਫ਼ੂਰ ਕਰ ਦੇ।
ਫਿਰੀਏ ਦੇਸ਼ ਦੇ ਵਿਚ ਆਜ਼ਾਦ ਬਾਬਾ,
ਕੈਦ ਬੁਲਬੁਲਾਂ ਦੀ ਆ-ਕੇ ਦੂਰ ਕਰ ਦੇ।
ਜਾਂ ਤਾਂ ਧਰਮ ਅਸਥਾਨ ਆਜ਼ਾਦ ਕਰ ਦੇ,
ਲਛਮਨ† ਵਾਂਗ ਜਾਂ ਫੇਰ ਸਰੂਰ ਕਰ ਦੇ।
ਜਾਂ ਤਾਂ ਠੰਡ ਵਰਤਾਏ ਇਹ ਦੇਸ ਅੰਦਰ,
ਜਾਂ ਫਿਰ ਛਾਤੀਆਂ ਵਾਂਗ ਤੰਦੂਰ ਕਰ ਦੇ।
ਸਾੜ ਸੁੱਟੀਏ ਇਹ ਅਸਮਾਨ ਨੀਲਾ,
ਹਵਾਵਾਂ ਵਿਚ ਇਹ ਅਸਰ ਜ਼ਰੂਰ ਕਰ ਦੇ।
ਇਥੇ ਜ਼ੁਲਮ ਤੇ ਸਬਰ ਦੀ ਹੱਦ ਹੋਈ,
ਪੈਦਾ ਫੱਟਾਂ ਤੇ ਜ਼ਰਾ ਅੰਗੂਰ ਕਰ ਦੇ।
ਸੇਵਕ ਆਇ ਕੇ ਫੇਰ ਇਕ ਵਾਰ ਬਾਬਾ,
ਦੂਰ ਜ਼ਾਲਮਾਂ ਸਿਰੋਂ ਫ਼ਤੂਰ ਕਰ ਦੇ।

(ਅਕਾਲੀ ਗੂੰਜ, ਸਫ਼ਾ 156)

---

*ਕਲਕੱਤਾ
†ਸ਼ਹੀਦ ਲਛਮਣ ਸਿੰਘ ਧਾਰੋਵਾਲੀ ਵੱਲ ਇਸ਼ਾਰਾ ਹੈ।

ਹੁਣ ਬਹੁੜ ਪੰਥ ਦੇ ਵਾਲੀ, ਰਾਹ ਵੇਖੇ ਫ਼ੌਜ ਅਕਾਲੀ

ਝੰਡਾ ਸਿੰਘ ਆਲਮ*

ਚਾਰ ਦੁਲਾਰੇ, ਪੰਜ ਪਿਆਰੇ, ਲੈ ਕੇ ਮੁਕਤੇ ਚਾਲੀ।
ਫੇਰ ਡਾਹਢਿਆਂ ਲੋਕ ਦੁਖਾਏ, ਕੌਣ ਕਰੇ ਰਖਵਾਲੀ।
ਧੱਕੇ ਵਾਲੀ ਅੰਤ ਹੋ ਗਈ, ਹੋਇਆ ਪੰਥ ਸਵਾਲੀ।
ਫਸੀ ਔਕੜਾਂ ਅੰਦਰ ਸਾਈਆਂ, ਕੌਮ ਦੁਖਾਂ ਦੀ ਪਾਲੀ।
ਆ ਕੇ ਦੇਖ ਬਾਗ਼ ਦੀ ਹਾਲਤ, ਪੰਥ ਬਾਗ਼ ਦੇ ਮਾਲੀ।
ਫੁੱਲ ਟਹਿਕਦੇ ਤੇਰੇ ਚੁਣ ਚੁਣ, ਬੁਲਬੁਲ ਪਿੰਜਰੇ ਡਾਲੀ।
ਦਿਸੇ ਨਾ ਤੇਰੇ ਸਿੱਖਾਂ ਅੰਦਰ, ਤਾਕਤ ਅੰਮ੍ਰਿਤ ਵਾਲੀ।
ਝੁਲਿਆ ਹੈ ਤੂਫ਼ਾਨ ਹਨੇਰੀ, ਉੱਠੀ ਹੈ ਘਟ ਕਾਲੀ।
ਚਿੜੀਆਂ ਕੋਲੋਂ ਬਾਜ ਡਰਾ ਜਾ, ਪਿਆ ਕੇ ਅੰਮ੍ਰਿਤ ਪਿਆਲੀ।
ਭੇਜ ਕਿਸੇ ਮਾਈ ਭਾਗੋ ਨੂੰ, ਰੱਖ ਲਏ ਜਾਂਦੀ ਲਾਲੀ।

(ਅਕਾਲੀ ਗੂੰਜ, ਸਫ਼ਾ 154)

*ਫ਼ੀਰੋਜ਼ਪੁਰ

ਅਕਾਲੀ ਲਹਿਰ ਦੇ ਆਗੂ

ਲੁਧਿਆਣਾ

ਬਖ਼ਸ਼ੀਸ਼ ਸਿੰਘ ਭਮੱਦੀ, ਗੁਰਦਿੱਤ ਸਿੰਘ ਬਹਿਲੋਲਪੁਰ ਜੀ,
ਕੁੱਦੇ ਧਾਮ ਸੁਧਾਰ ਦੀ ਲਹਿਰ ਅੰਦਰ।
ਪ੍ਰਿਥਮ ਸੈਕਟਰੀ ਪੰਡਿਤ ਕਰਤਾਰ ਸਿੰਘ ਜੀ,
ਡਟੇ ਆਣ ਮਹੰਤੀ ਕਹਿਰ ਅੰਦਰ।
ਸ਼ਾਮ ਸਿੰਘ ਮੁਕੰਦਪੁਰ, ਮਿੱਤ ਸਿੰਘ ਜੀ ਪੰਡੋਰੀ,
ਲੰਘ ਡੂੰਘਿਆਂ ਜਲਾਂ ਦੇ ਬਹਿਰ ਅੰਦਰ।
ਜਥੇਦਾਰ ਹਰਦਿੱਤ ਸਿੰਘ ਮਾਣੂੰਕਾ ਭੀ,
ਆਏ ਪੰਡੂਆਂ ਵਾਲੀ ਲਹਿਰ ਅੰਦਰ।

ਸਿੰਘ ਸਾਹਿਬ ਬਿਸ਼ਨ ਸਿੰਘ ਜੀ ਨੇ,
ਜਥੇਦਾਰੀ ਦੀ ਸ਼ਾਨ ਦਿਖਾਈ ਚੰਗੀ।
ਕੇਹਰ ਸਿੰਘ ਜੀ ਸਿੱਧਵਾਂ ਬੇਟ ਵਾਲੇ,
ਸੇਵਾ ਮੁਕਤਸਰ ਵਿਚ ਨਿਭਾਈ ਚੰਗੀ।
ਜਥੇਦਾਰ ਦਲਜੀਤ ਸਿੰਘ ਲਲਤੋਂ ਤੇ,
ਹੋਈ ਗੁਰੂ ਕੇ ਬਾਗ ਕਟਾਈ ਚੰਗੀ।
ਨਿਰੰਜਨ ਸਿੰਘ ਜੀ ਸਿੱਧਵਾਂ ਬੇਟ ਨੇ ਭੀ,
ਅਣਖ ਤ਼ਖ਼ਤ ਅਕਾਲ ਦਿਖਾਈ ਚੰਗੀ।

ਜਗਤ ਸਿੰਘ ਕਮਾਲ ਪੁਰ, ਰਾਏ ਕੋਟੋਂ,
ਬੇਲਾ ਸਿੰਘ ਨੇ ਸੀਰ ਰਲਾ ਦਿੱਤੀ।
ਈਸੇ ਵਾਲੀਏ ਬਿਰਧ ਅਲਬੇਲ ਸਿੰਘ ਨੇ,
ਸੇਵਾ ਉਮਰ ਦੇ ਨਾਲ ਨਿਭਾ ਦਿੱਤੀ।
ਸੇਵਾ ਸਿੰਘ, ਸਰਨ ਸਿੰਘ, ਮੋਹਰ ਸਿੰਘ ਨੇ,
ਹੈ ਸੀ ਬੰਨ੍ਹ ਘੁਗਰਾਣੇ ਦੀ ਵਾ ਦਿੱਤੀ।
ਦਿਆਲ ਸਿੰਘ ਜੀ ਨੇ ਚੁੱਪ ਤੋੜ ਕੇ ਤੇ,
ਨੌਕਰਸ਼ਾਹੀ ਦੀ ਜਾਨ ਤੜਫਾ ਦਿੱਤੀ।

ਬਚਿੱਤਰ ਸਿੰਘ ਜੀ ਰਾਮ ਪੁਰ ਵਾਲਿਆਂ ਨੇ,
ਕੀਤੀ ਜੇਲ੍ਹ ਦੀ ਯਾਤਰਾ ਰੱਜ ਕੇ ਤੇ।
ਮਿੱਤ ਸਿੰਘ ਸਿੱਧਵਾਂ ਖੁਰਦ ਤੇ ਕਲਾਂ ਦੋਵੇਂ,
ਆਏ ਵਿਚ ਮੈਦਾਨ ਦੇ ਗੱਜ ਕੇ ਤੇ।
ਹਰਨਾਮ ਸਿੰਘ, ਪ੍ਰੇਮ ਸਿੰਘ, ਸਿੰਘ ਇੰਦਰ,
ਆਏ ਚੌਂਕੀਮਾਨ ਤੋਂ ਸੱਜ ਕੇ ਤੇ।
ਮਾਸਟਰ ਹਰਨਾਮ ਸਿੰਘ ਸੇਖਾਂ ਰਹੇ ਕਰਦੇ,
ਸੇਵਾ ਪੰਥ ਦੀ ਹਉਮੈ ਤੱਜ ਕੇ ਤੇ।

ਸ਼ਾਮ ਸਿੰਘ ਜਰਨੈਲ ਗੁਰਧਾਮ ਅੰਦਰ,
ਦੇਖ ਦੇਖ ਕੁਰੀਤੀਆਂ ਘਾਇਲ ਹੋਇਆ।
ਹਿੰਮਤ ਬਖ਼ਸ਼ੀ ਆਪ ਕਰਤਾਰ ਐਸੀ,
ਪਲਕ ਝਲਕ ਦੇ ਵਿਚ ਜਰਨੈਲ ਹੋਇਆ।
ਸੋਭਾ ਸਿੰਘ, ਵਰਿਆਮ ਸਿੰਘ ਗੁੜਿਆਂ ਦੇ,
ਛੱਜਾਵਾਲ ਹਰਨਾਮ ਸਿੰਘ ਛੈਲ ਹੋਇਆ।
ਮਾਰੀ ਲੱਤ ਵਿਡਾਣੀ ਚਾਕਰੀ ਤੇ,
ਸੇਵਾ ਸਿੰਘ ਕਿਰਪਾਨ ਤੇ ਮੈਲ ਹੋਇਆ।

ਗੱਜਨ ਸਿੰਘ ਸਹੌਰ ਨੇ ਓਸ ਵੇਲੇ,
ਲੋਕੀ ਲੈਕਚਰਾਂ ਨਾਲ ਪਰਚਾ ਦਿੱਤੀ।
ਕਰਤਾਰ ਸਿੰਘ ਜਸਪਾਲੋਂ, ਸੰਤ, ਹਰਿਉਂ,
ਬਣੀ ਸਰੀ ਜੋ ਸੇਵ ਨਿਭਾ ਦਿੱਤੀ।
ਪਾਖਰ ਸਿੰਘ, ਬਾਬੂ ਬਚਨ ਸਿੰਘ ਜੀ ਨੇ,
ਹਰਦਮ ਸਿੰਘ ਨੇ ਸੀ ਬਾਜ਼ੀ ਲਾ ਦਿੱਤੀ।
ਮਹਿੰਦਰ ਸਿੰਘ ਜੀ ਤਖ਼ਤ ਅਕਾਲ ਉੱਤੇ,
ਖਾ ਕੇ ਕੁੱਟ ਤਾਰੀਖ਼ ਲਿਖਵਾ ਦਿੱਤੀ।

ਮੰਗਲ ਸਿੰਘ ਜੀ ਗਿੱਲ ਲਾਹੌਰੋਂ, ਕੱਢ ਅਖ਼ਬਾਰ ਅਕਾਲੀ।
ਗੁਰਧਾਮਾਂ ਦਾ ਪਿੱਟ ਢੰਡੋਰਾ, ਸੁੱਤੀ ਕੌਮ ਜਗਾਲੀ।
ਰਣਬੀਰ ਸਿੰਘ ਜੀ ਕਾਉਂਕੇ ਉਠੇ, ਲਾਲ ਸਿੰਘ ਨਥੋਵਾਲੀ।
ਮਾਨ ਸਿੰਘ ਤੇ ਸੋਭਾ ਸਿੰਘ ਜੀ, ਹਰਨਾਮ ਸਿੰਘ ਜੀ ਹਾਲੀ।
ਕਿਸ਼ਨ ਕੌਰ ਨੇ ਉਮਰ ਆਪਣੀ, ਜੈਤੋ ਜੇਲ੍ਹ ਲੰਘਾਲੀ।
ਸ਼ੰਕਰ ਸਿੰਘ ਘੁਮਾਨ ਜ਼ਿਲੇ ਦੀ, ਚੰਗੀ ਵਾਗ ਸੰਭਾਲੀ।

ਬੰਤਾ ਸਿੰਘ ਨੇ ਆਖ਼ਿਰ, ਆ ਕੇ ਜਿੰਦ ਆਪਣੀ ਗਾਲੀ।
ਮੁਕੰਦ ਸਿੰਘ ਜੀ ਮੰਗਲੀ ਵਾਲੇ, ਪਾ ਗਏ ਭਾਈਵਾਲੀ।

ਖੜਕ ਸਿੰਘ ਸਰਦਾਰ ਸਿਆਲ ਨਿਕੋਟੀ,
ਬਿਨਾਂ ਤਾਜ ਤੋਂ ਪੰਥ ਦਾ ਸ਼ਾਹ ਹੈ ਸੀ।
ਗੁਰਚਰਨ ਸਿੰਘ ਤੇ ਲਾਭ ਸਿੰਘ ਫ਼ਖ਼ਰ ਕੀਤੀ,
ਖੜਕ ਸਿੰਘ ਦੇ ਨਾਲ ਸਲਾਹ ਹੈ ਸੀ।
ਭਾਈ ਦਲੀਪ ਸਿੰਘ ਸਾਹੋਵਾਲ ਵਾਲੇ,
ਪਏ ਆਣ ਕੇ ਤੇ ਏਸੇ ਰਾਹ ਹੈਸੀ।
ਹੋਰ ਸੈਂਕੜੇ ਪੇਂਡੂਆਂ ਸ਼ਹਿਰੀਆਂ ਨੂੰ,
ਖੜਕ ਸਿੰਘ ਦਾ ਚੜ੍ਹਿਆ ਪਾਹ ਹੈ ਸੀ।

ਅੰਮ੍ਰਿਤਸਰ

ਸੁੰਦਰ ਸਿੰਘ ਰਾਮਗੜ੍ਹੀਆ, ਅੰਮ੍ਰਿਤਸਰ ਦਾ ਜਾਨ।
ਜਿਵੇਂ ਮਾਨ ਸੀ ਪੰਥ ਨੂੰ, ਸੇਵਾ ਕਰੀ ਮਹਾਨ।
ਸੁੰਦਰ ਸਿੰਘ ਮਜੀਠੀਆ, ਮੁਖੀ ਚੀਫ਼ ਦੀਵਾਨ।
ਦਿਲੋਂ ਦਰਦ ਸੀ ਰੱਖਦੇ, ਸਿੱਖੀ ਭਾਵ ਮਹਾਨ।
ਕੀ ਆਖਾਂ ਵੀਰ ਝਬਾਲੀਆਂ, ਰੱਖ ਵਿਖਾਈ ਸ਼ਾਨ।
ਅਮਰ ਸਿੰਘ, ਜਸਵੰਤ ਸਿੰਘ, ਸਰਮੁਖ ਸਿੰਘ ਪ੍ਰਧਾਨ।
ਤੇਜਾ ਸਿੰਘ ਭੁੱਚਰ ਬੜਾ, ਹੈ ਸੀ ਹਠੀ ਜਵਾਨ।
ਕੱਚੇ ਪਿੱਲੇ ਸੋਧ ਕੇ, ਦੇਂਦਾ ਤੋੜ ਗੁਮਾਨ।
ਸ਼ਾਮ ਸਿੰਘ ਦੀ ਬੰਸ ਅੰਸ, ਹਰਬੰਸ ਸਿੰਘ ਵਿਦਵਾਨ।
ਤੇਜਾ ਸਿੰਘ ਸੁਤੰਤਰ ਭਾਈ, ਮੂਲ ਸਿੰਘ ਪੰਚਾਨ।
ਦਾਨ ਸਿੰਘ ਵਛੋਆ, ਲੰਮ ਲੰਙਾ ਜਾਨ।
ਤੇਜਾ ਸਿੰਘ ਪਟਵਾਰੀ ਜਿਹੜੇ, ਅਕਰ ਪੁਰੀ ਸਦਵਾਨ।
ਹਰਨਾਮ ਸਿੰਘ ਭੀ ਏਸ ਪਿੰਡ ਦਾ, ਹੈਸੀ ਇਕ ਜਵਾਨ।
ਊਧਮ ਸਿੰਘ ਕਰਤਾਰ ਸਿੰਘ ਜੀ, ਨਾਗੋਕੇ ਦੇ ਭਾਨ।
ਅਜੇ ਤੀਕ ਨੇ ਟਹਿਕਦੇ, ਸੋਹਨ ਵਿਚ ਸਮਾਨ।
ਸਾਹਿਬ ਸਿੰਘ, ਰਵੇਲ ਸਿੰਘ, ਦਫ਼ਤਰ ਵਿਚ ਸੁਹਾਨ।
ਹਜ਼ਾਰਾ ਸਿੰਘ ਅਲਾਦੀਨਪੁਰ, ਪੰਥ ਵਿਚ ਪਰਵਾਨ।
ਹੁਕਮ ਸਿੰਘ ਜੀ ਕੋਟਵਸਾਊ, ਭੁੱਲਦੇ ਨਹੀਂ ਭਲਵਾਨ।

ਸੇਵਾ ਸਿੰਘ ਜੀ ਠੀਕਰੀ ਵਾਲੇ ਔਂ,
ਗੁਰ ਧਾਮ ਦਾ ਕਰਨ ਸੁਧਾਰ ਨਿਕਲੇ।

ਜਾਨ ਵਾਰ 'ਗੇ ਪੰਥ ਪਰਤੱਗਿਆ ਤੇ,
ਐਸੇ ਹੋ ਕੇ ਜਾਂ-ਨਸਾਰ ਨਿਕਲੇ।
ਗਿਆਨੀ ਸ਼ੇਰ ਸਿੰਘ ਭੀ ਪਿੱਛੇ ਰਹੇ ਨਾਹੀਂ,
ਧਰਮ ਯੁੱਧ ਲਈ ਹੋ ਤਿਆਰ ਨਿਕਲੇ।
ਸਰਦਾਰਾ ਸਿੰਘ ਯੂਥਪ ਹਰੀ ਚੰਦ ਜੇਜੀ,
ਹੋ ਕੇ ਪੰਥ ਦੇ ਗ਼ਮਖ਼ਾਰ ਨਿਕਲੇ।
ਕੈਪਟਨ ਰਾਮ ਸਿੰਘ ਉੱਗੋਕੇ ਸੋਹਣ ਜੀ ਤੇ,
ਕਰਤਾਰ ਸਿੰਘ ਦੀਵਾਨੇ ਜੇਹੇ ਸੋਹਲ ਨਿਕਲੇ।
ਪ੍ਰੀਤਮ ਗੁਜਰਾਂ ਤੇ ਜਥੇਦਾਰ ਰਾਮਾਂ,
ਸੇਵਾ ਕਰਨ ਲਈ ਦਿਲ ਖੋਲ੍ਹ ਨਿਕਲੇ।
ਇੰਦਰ ਸਿੰਘ ਲਹਿਰੀ ਜਰਗ ਦੇ ਕੇਹਰ ਸਿੰਘ,
ਛੱਡ ਘਰਾਂ ਦੇ ਚਾਉ ਤੇ ਚੋਹਲ ਨਿਕਲੇ।
ਉਜਾਗਰ ਸਿੰਘ ਭੌਰਾ ਨਿੱਕੀ ਉਮਰੇ ਈ,
ਲੱਗੇ ਦਾਣਿਆਂ ਦੇ ਛੱਡ ਬੋਹਲ ਨਿਕਲੇ।
ਜਗੀਰ ਸਿੰਘ ਜੀਉ ਫੱਗੂ ਵਾਲੀਏ ਭੀ,
ਘਰੋਂ ਸੇਵਾ ਦਾ ਕਰ ਕੇ ਪ੍ਰਣ ਨਿਕਲੇ।
ਨੰਦ ਸਿੰਘ ਉਗਰਾਹਾ ਵਿਚ ਮੋਰਚੇ ਦੇ,
ਤਨੋਂ ਮਨੋਂ ਸੇਵਾ ਕਰਨ ਨਿਕਲੇ।
ਵਜੀਰ ਸਿੰਘ ਦਰਦੀ ਲੈ ਕੇ ਦਰਦ ਡਾਢਾ,
ਨੌਕਰਸ਼ਾਹੀ ਦੇ ਨਾਲ ਲੜਨ ਨਿਕਲੇ।
ਯਾਰਾਂ ਯਾਰਾਂ ਵਾਰ ਜੇਲ੍ਹ ਦੀ ਯਾਤਰਾ ਕਰ,
ਭਗਵਾਨ ਸਿੰਘ ਵੀ ਅਣਖ ਤੇ ਲੜਨ ਨਿਕਲੇ।

ਨਾਭਾ

ਧੰਨਾ ਸਿੰਘ ਗੁਲਸ਼ਨ, ਕਈ ਹੋਰ ਵਰਕਰ,
ਏਸੇ ਲਹਿਰ 'ਚ ਘਰੋਂ ਬੇਘਰ ਹੋ ਗਏ।
ਇੰਦਰ ਸਿੰਘ ਤੇ ਕੇਹਰ ਸਿੰਘ ਮੌੜ ਦੋਵੇਂ,
ਅਕਾਲੀ ਲਹਿਰ ਦੇ ਉਡਣੇ ਪਰ ਹੋ ਗਏ।
ਸਾਹਿਬ ਸਿੰਘ, ਸਲਾਣੇ ਦੇ ਸੰਤਾ ਸਿੰਘ,
ਚੋਬਰ ਆਣ ਦੇ ਬੜੇ ਬੇ-ਡਰ ਹੋ ਗਏ।
ਐਸੇ ਸ਼ੇਰ ਜੋ ਬੜੇ ਦਲੇਰ ਸੀ ਤਾਂ,
ਅੜੇ ਮੋਰਚੇ ਪੰਥ ਦੇ ਸਰ ਹੋ ਗਏ।

ਲਾਇਲਪੁਰ

ਸੁੰਦਰ ਸਿੰਘ ਤੇ ਮੰਗਲ ਸਿੰਘ ਨੇ ਡਾਢੀ ਹਿੰਮਤ ਧਾਰ।
ਪੰਜਾਬੀ ਵਿਚ ਕੱਢਿਆ ਉਨ੍ਹਾਂ ਅਕਾਲੀ ਅਖ਼ਬਾਰ।
ਹੀਰਾ ਸਿੰਘ ਜੀ ਦਰਦ ਨੇ ਕਰਕੇ ਕਲਮ ਤਿਆਰ।
ਲਿਖੇ ਲੇਖ ਕਮਾਲ ਦੇ ਵੈਰੀ ਨੂੰ ਲਲਕਾਰ।
ਸੰਤਾਂ ਪੰਥ ਚਲਾਇਆ ਕਲਮੀ ਹੁੱਜਾਂ ਮਾਰ।
ਸਖ਼ਤੀ ਕੀਤੀ ਗੌਰਮਿੰਟ ਨੇ ਚੱਲੇ ਨਾ ਅਖ਼ਬਾਰ।
ਕੈਦਾਂ ਬਾਝ ਜ਼ਮਾਨਤਾਂ ਕੁਰਕ ਲਈਆਂ ਕਈ ਵਾਰ।
ਹਿੰਮਤ ਸੀ ਸਰਦੂਲ ਸਿੰਘ ਦੀ, ਹਰ ਚੰਦ ਸਿੰਘ ਸਰਦਾਰ।
ਉੱਤਰ ਦਿੱਤੇ ਠੋਕ ਕੇ ਜਦ ਸਿਰ ਚੜ੍ਹੀ ਸਰਕਾਰ।
ਗੁਰਮੁਖ ਸਿੰਘ ਮੁਸਾਫ਼ਰ ਦਾ ਸੀ, ਕਵਿਤਾ ਨਾਲ ਪਿਆਰ।
ਛੇੜੀ ਪਹਿਲਾਂ ਦਰਦ ਨੇ ਨੈਸ਼ਨਲਇਜ਼ਮ ਦੀ ਵਾਰ।
ਤੇਜਾ ਸਿੰਘ, ਹਰਕਿਸ਼ਨ ਸਿੰਘ, ਜੇਲ੍ਹਾਂ ਦੇ ਦੀਦਾਰ।
ਕੀਤੇ ਕੋਮਲ ਜਿਸਮ ਤੇ ਸਹਿ ਕੇ ਕਸ਼ਟ ਅਪਾਰ।
ਜੋਧ ਸਿੰਘ ਨੇ ਜੋਸ਼ ਨੂੰ ਰੋਕਣ ਲਈ ਬਲ ਧਾਰ।
ਕੱਢੀ ਇਕ ਅਖ਼ਬਾਰ ਸੀ, ਆਪਣੇ ਖ਼ਿਆਲ ਅਨੁਸਾਰ।
ਭਗਤ ਜਸਵੰਤ ਸਿੰਘ ਪਿੰਡੀ ਤੋਂ ਆ ਵੜੇ ਵਿਚ ਦਰਬਾਰ।
ਗਿਆਨੀ ਸ਼ੇਰ ਸਿੰਘ ਨੇ ਡੱਟ ਕੇ ਦੱਸ ਦਿੱਤਾ ਇਕ ਵਾਰ।
ਲਈ ਲੀਡਰੀ ਤਾਰਾ ਸਿੰਘ ਨੇ ਆਖ਼ਰ ਕਹਿ ਕੇ ਸਤਿ ਕਰਤਾਰ।

ਮੰਗਲ ਸਿੰਘ ਜੀ ਮੁਲਤਾਨ ਅੰਦਰ,
ਚੰਗੇ ਦੱਸਦੇ ਨੇ ਜਥੇਦਾਰ ਹੋਏ।
ਸੰਤ ਬਖ਼ਤਾਵਰ ਸਿੰਘ ਹੁਸ਼ਿਆਰ ਪੁਰ ਦੇ,
ਛੱਡ ਸੰਤ ਤਾਈਂ ਸੇਵਾਦਾਰ ਹੋਏ।
ਤਾਂ ਹੀ ਪੰਥ ਨੇ ਚੁੱਕਿਆ ਸੀਸ ਉੱਤੇ,
ਉੱਘੇ ਦੇਸ-ਪ੍ਰਦੇਸ ਵਿਚਕਾਰ ਹੋਏ।
ਸਿੰਘ ਸਾਹਿਬ ਫ਼ੌਜਾ ਸਿੰਘ ਜੀਓ,
ਵਰਕਰ ਪੰਥ ਦੇ ਤੇਜ਼ ਰਫ਼ਤਾਰ ਹੋਏ।

ਸ਼ੇਖ਼ੂਪੁਰਾ

ਅਮਰ ਸਿੰਘ ਜੀ ਸ਼ੇਰੇ ਪੰਜਾਬ ਵਾਲੇ,
ਸੇਵਾ ਕਲਮ ਦੀ ਕਰ ਗਏ ਢੇਰ ਜਾਣੋ।
ਕੇਹਰ ਸਿੰਘ ਪੱਟੀ ਜੁਆਨ ਦਰਸ਼ਨੀ ਸੀ,
ਹੈ ਸੀ ਗੁਰੂ ਗੋਬਿੰਦ ਦਾ ਸ਼ੇਰ ਜਾਣੋ।

ਚੰਨਣ ਸਿੰਘ ਉਰਾੜਾ ਤੇ ਬੂੱਤ ਦੋਵੇਂ,
ਰਹੇ ਮੋਰਚੇ ਵਿਚ ਦਲੇਰ ਜਾਣੋ।
ਕੁੰਦਨ ਸਿੰਘ ਕਾਵਾਂ ਜਥੇਦਾਰ ਈਸ਼ਰ,
ਰਹੇ ਉਤਰਦੇ ਪੂਰੇ ਈ ਸ਼ੇਰ ਜਾਣੋ।

ਗੁਰੂ ਧਾਮ ਸੁਧਾਰ ਦੀ ਲਹਿਰ ਅੰਦਰ,
ਲਛਮਣ ਸਿੰਘ ਨੇ ਪੂਰਨਾ ਪਾ ਦਿੱਤਾ।
ਨਰੈਣੂ ਆਦ ਨੂੰ ਵਾਰਨਿੰਗ ਦੇਣ ਦੇ ਲਈ,
ਧਾਰੋਵਾਲੀ ਦੀਵਾਨ ਸਜਾ ਦਿੱਤਾ।
ਜਥਾ ਲੈ ਕੇ ਜਨਮ ਸਥਾਨ ਪੁੱਜੇ,
ਸ਼ਾਂਤਮਈ ਰਹਿ ਮੋਰਚਾ ਲਾ ਦਿੱਤਾ।
ਗਿਆ ਆਪ ਜਿਊਂਦਾ ਸੜ ਭਾਵੇਂ,
ਗੁਰੂ ਧਾਮ ਆਜ਼ਾਦ ਕਰਵਾ ਦਿੱਤਾ।

ਗੁਰਦਾਸਪੁਰ

ਭਾਗ ਸਿੰਘ ਵਕੀਲ ਗੁਰਦਾਸਪੁਰ ਦੇ,
ਸੇਵਾ ਪੰਥ ਦੀ ਕਰੀ ਨਿਸ਼ੰਗ ਹੋ ਕੇ।
ਹਰਬੰਸ ਸਿੰਘ ਘੁੰਮਣ ਪ੍ਰਤਾਪ ਸਿੰਘ ਜੀ,
ਡਟੇ ਰਹੇ ਸੀ ਆਪ ਦੇ ਸੰਗ ਹੋ ਕੇ।
ਕੇਸਰ ਸਿੰਘ ਜੀ ਵੀਰ ਪਠਾਨਕੋਟੀ,
ਕੁੰਦਨ ਸਿੰਘ ਦੇ ਨਾਲ ਸਰਬੰਗ ਹੋ ਕੇ।
ਇੰਦਰ ਸਿੰਘ ਸ਼ਾਹਪੁਰ, ਪਦੀਵਾਂ ਜੁਗਿੰਦਰ ਜੀ ਭੀ,
ਰਹੇ ਚਿੰਬੜੇ ਜਬਰਜੰਗ ਹੋ ਕੇ।

ਫ਼ੀਰੋਜ਼ਪੁਰ

ਜੋਗਿੰਦਰ ਸਿੰਘ ਘਾਲੀ ਨੇ ਘਾਲੀ ਘਾਲ ਵੱਡੀ,
ਗੁਰੂ ਧਾਮ ਆਜ਼ਾਦ ਕਰਾਉਣ ਦੇ ਲਈ।
ਕੀਤਾ ਖ਼ਾਲਸਾ ਸੇਵਕ ਅਖ਼ਬਾਰ ਜਾਰੀ,
ਸੁੱਤੇ ਪਏ ਹੋਏ ਸ਼ੇਰ ਜਗਾਉਣ ਦੇ ਲਈ।
ਨਰੈਣ ਸਿੰਘ ਧੂਰਕੋਟ ਰਾਏ ਸਿੰਘ ਕੌਣੀ,
ਉੱਠੇ ਆਕੀਆਂ ਸੋਧ ਸੁਧਾਉਣ ਦੇ ਲਈ।
ਖ਼ਜ਼ਾਨ ਸਿੰਘ ਸਿੰਘਾਂ ਵਾਲਾ, ਸੁੱਚਾ ਸਿੰਘ ਮੋਗਾ,
ਤੁਰੇ ਜੈਤੋ ਨੂੰ ਪਾਠ ਰਖਾਉਣ ਦੇ ਲਈ।

ਸੇਵਕ ਜਗਤ ਸਿੰਘ ਤਾਰਾ ਸਿੰਘ ਜੱਜ ਆਏ,
ਗੁਰਦੁਆਰਾ ਐਕਟ ਬਣਾਉਣ ਦੇ ਲਈ।
ਪ੍ਰੇਮ ਸਿੰਘ ਕੋਕਰੀ ਤੇ ਦਰਬਾਰਾ ਸਿੰਘ ਮੱਲ੍ਹਣ,
ਪੁੱਜੇ ਮੋਰਚੇ ਨੂੰ ਸਿਰੇ ਲਾਉਣ ਦੇ ਲਈ।
ਈਸ਼ਰ ਸਿੰਘ ਅਜੈਬ ਸਿੰਘ ਸ਼ੇਰ ਜਾਣੋ,
ਆਏ ਪੰਥ ਦੀ ਸ਼ਾਨ ਵਧਾਉਣ ਦੇ ਲਈ।
ਹਰਨਾਮ ਸਿੰਘ ਕੱਬਰ ਵੱਛਾ ਜੇਹੇ ਕੱਦਾਵਰ,
ਚੜ੍ਹੇ ਆਕੀਆਂ ਤਾਈਂ ਸਮਝਾਉਣ ਦੇ ਲਈ।

ਇੰਦਰ ਸਿੰਘ ਕੋਟ ਕਰੋੜ, ਬਾਬਾ ਸੁਲਤਾਨ ਸਿੰਘ ਜੀ,
ਜਥੇਬੰਦ ਹੋ ਕੇ ਚਾਲੇ ਪਾ ਦਿੱਤੇ।
ਉਜਾਗਰ ਸਿੰਘ ਬੰਬੀਹੇ ਭਾਈ ਕੇ ਨੇ,
ਡੇਰੇ ਵਿਚ ਪ੍ਰਕਰਮਾਂ ਦੇ ਲਾ ਦਿੱਤੇ।
ਕਿਰਪਾਲ ਸਿੰਘ, ਦੂਲਾ ਸਿੰਘ ਤੇ ਸੁੱਚਾ ਸਿੰਘ ਰੋਡੇ,
ਜੈਤੋ ਜਾ ਕੇ ਹੱਥ ਦਿਖਾ ਦਿੱਤੇ।
ਈਸ਼ਰ ਸਿੰਘ ਮਾਣੂੰਕੇ ਤੇ ਕੇਸਰ ਸਿੰਘ ਡਾਲੇ,
ਗੁਰੂ ਧਾਮਾਂ 'ਚੋਂ ਦੁਸ਼ਟ ਭਜਾ ਦਿੱਤੇ।

ਲਾਹੌਰ

ਤਾਰਾ ਸਿੰਘ ਠੇਠਰ ਸਣੇ ਭਾਈਆਂ ਦੇ,
ਸੇਵਾ ਪੰਥ ਦੀ ਕਰੀ ਨਿਰਮਾਣ ਹੋ ਕੇ।
ਭਗਵਾਨ ਸਿੰਘ ਤੇ ਦਲੀਪ ਸਿੰਘ ਨੇ ਹੋ ਅੱਗੇ,
ਦੱਸੀ ਪੰਥ ਦੀ ਸ਼ਾਨ ਵਧਾ ਕੇ ਤੇ।

(ਨੋਟ: ਮੈਨੂੰ ਇਹ ਨਜ਼ਮ 1955 ਤੋਂ ਮਗਰੋਂ ਛਪੇ ਇਕ ਸੋਮੇ ਤੋਂ ਮਿਲੀ ਸੀ। ਪਹਿਲੀ 1925-26 ਵੇਲੇ ਛਪੀ ਨਜ਼ਮ ਵਿਚ ਸ਼ਾਇਦ ਕੁਝ ਵਾਧੇ ਘਾਟੇ ਹੋਣ।

ਬਬਰ ਅਕਾਲੀ ਲਹਿਰ ਦਾ ਕਲਮ

ਯਾਰੋ ਗੁਣ ਆਜ਼ਾਦੀ ਦੇ ਗਾਉਣ ਲੱਗ ਪਉ

1. ਥਾਉਂ ਥਾਈਂ ਬਣਾ ਕੇ ਜਥਿਆਂ ਨੂੰ,
ਵੀਰੋ ਜ਼ਾਲਮਾਂ ਤਾਈਂ ਖਪਾਉਣ ਲੱਗ ਪਉ।
ਬੇੜਾ ਕੌਮ ਦਾ ਜਿਨ੍ਹਾਂ ਨੇ ਗ਼ਰਕ ਕੀਤਾ,
ਸਿਰੀਂ ਜ਼ਾਲਮਾਂ ਦੇ ਖ਼ਾਕ ਪਾਉਣ ਲੱਗ ਪਉ।
ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਦੁੱਖ ਦਿੱਤਾ,
ਉਹਨਾਂ ਜ਼ਾਲਮਾਂ ਦੀ ਧੌਣ ਲਾਹੁਣ ਲੱਗ ਪਉ।
ਪਾਪੀ ਹਿੰਦ ਦੇ ਵਿਚ ਨਹੀਂ ਰਹਿਣ ਦੇਣੇ,
ਜਿਥੇ ਜਿਥੇ ਵੇਖੋ ਵੰਡਾਂ ਪਾਉਣ ਲੱਗ ਪਉ।
ਸਾੜੋ ਚੌਕੀਆਂ ਲੁੱਟੋ ਖ਼ਜ਼ਾਨਿਆਂ ਨੂੰ,
ਅਤੇ ਨਾਫ਼ਿਆ ਧੁੰਮ ਧਮਾਉਣ ਲੱਗ ਪਉ।
ਕੰਮ ਦੂਸਰਾ ਵੀ ਨਾਲ ਸ਼ੁਰੂ ਕਰਨਾ,
ਰੇਲਾਂ ਹੇਠ ਵੀ ਬੰਬ ਟਿਕਾਉਣ ਲੱਗ ਪਉ।
2. ਅੱਖੀਂ ਵੇਖ ਬੇਅਦਬੀਆਂ ਚੁੱਪ ਬੈਠਾ,
ਕਾਇਰ ਹੋ ਕੇ ਝੱਟ ਟਪਾਇਆ ਕਿਉਂ।
ਮੂਹਰੇ ਬਾਂਦਰਾਂ ਦੇ ਕਰੇਂ ਹਜ਼ੂਰ ਵਾਲੀ,
ਸਿੰਘ ਨਾਮ ਨੂੰ ਅੱਜ ਸਦਾਇਆ ਕਿਉਂ।
3. ਸ਼ਾਂਤਮਈ ਨੇ ਹਿੰਦ ਜਗਾ ਦਿੱਤੀ,
ਹੁਣ ਤਾਂ ਸ਼ੁਰੂ ਹੋ ਜਾਉ ਦੂਜੇ ਦਾਅ ਲੋਕੋ।
ਮਾਰੇ ਬਿਨਾਂ ਕਦੀ ਨਹੀਂ ਕੰਮ ਸਰਨਾ,
ਲਉ ਜ਼ਾਲਮਾਂ ਵੰਡੀਆਂ ਪਾ ਲੋਕੋ।
4. ਹਿੰਦੂ ਮੁਸਲਮਾਨ ਸਿੰਘ ਸੂਰਿਓ ਵੇ,
ਵੇਲਾ ਆ ਗਿਆ ਗ਼ਦਰ ਮਚਾਵਣੇ ਦਾ।
ਅੱਖੀਂ ਵੇਖ ਬੇਅਦਬੀਆਂ ਹੁੰਦਿਆਂ ਨੂੰ,
ਜ਼ੁਲਮ ਵੇਖ ਕੇ ਕਿਉਂ ਸੂਰਿਓ ਚੁੱਪ ਬੈਠੇ,
ਵਕਤ ਆ ਗਿਆ ਤੇਗਾਂ ਉਠਾਵਣੇ ਦਾ।

ਬਬਰ ਅਕਾਲੀ ਲਹਿਰ ਦੀ ਤਵਾਰੀਖ਼

ਬਾਬੂ ਸੰਤ ਸਿੰਘ, ਸੈਕਟਰੀ ਬਬਰ ਅਕਾਲੀ ਜਥਾ

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਚਾਰ ਦਿਨ ਦੀ ਮਿੱਤਰਾ ਜ਼ਿੰਦਗਾਨੀ,
ਕਿਤੇ ਸੱਚ ਤੋਂ ਮੁੱਖ ਨਾ ਮੋੜ ਬੈਠੀਂ।
ਆਖ਼ਰ ਜਗਤ ਤੋਂ ਪਿਆਰਿਆ ਕੂਚ ਕਰਨਾ,
ਖ਼ਾਤਰ ਜਿੰਦ ਨਾ ਧਰਮ ਨੂੰ ਰੋੜ੍ਹ ਬੈਠੀਂ।
ਮੁਖ ਕਾਲਾ ਕਰਾ ਜਗ ਜੀਵਣਾ ਕੀ,
ਧਰਮ ਮਾਰਗ ਨੂੰ ਵੇਖੀਂ ਨਾ ਛੋੜ ਬੈਠੀਂ।
ਦਾਖ਼ਲ ਗਲੀ ਹੋ ਸੀਸ ਨੂੰ ਤਲੀ ਧਰ ਕੇ,
ਦੇਵਾ ਸੇਵਾ ਦੀ ਪ੍ਰੀਤ ਨਾ ਤੋੜ ਬੈਠੀਂ।
ਸਾਥੀ ਆਪ ਦੇ ਮਾਤਾ ਦੀ ਗੋਦ ਪਹੁੰਚੇ,
ਦੇਖੀਂ ਕਦਮ ਨਾ ਪਿੱਛੇ ਨੂੰ ਮੋੜ ਬੈਠੀਂ।
ਪੂਰਬ ਲੱਗਾ ਸ਼ਹੀਦੀ ਦਾ ਆਣ ਬੇਲੀ,
ਐਸ ਮੌਕੇ ਨੂੰ ਹੱਥੋਂ ਨਾ ਛੋੜ ਬੈਠੀਂ।
ਕਾਹਦਾ ਖ਼ੌਫ਼ ਹੈ ਆਪ ਨੂੰ ਜ਼ਾਲਮਾਂ ਦਾ,
ਲਿਵ ਗੁਰੂ ਦੇ ਚਰਨਾਂ ਵਿਚ ਜੋੜ ਬੈਠੀਂ।
ਲਿਖ ਜ਼ੁਲਮ ਤੂੰ ਸਾਰੇ ਨਿਧੜਕ ਹੋ ਕੇ,
ਕੌਮ ਸੇਵਾ ਹਿੱਤ ਭਾਂਡੇ ਨੂੰ ਤੋੜ ਬੈਠੀਂ।

ਪੜ੍ਹਨ ਵਾਲਿਓ ਗੌਰ ਦੇ ਨਾਲ ਪੜ੍ਹਨਾ,
ਕਾਰਨ ਜ਼ੁਲਮਾਂ ਦੇ ਜੱਗ ਫ਼ਤੂਰ ਹੋਇਆ।
ਜ਼ੁਲਮ ਦੱਸਣੇ ਅਸਾਂ ਨੇ ਖੋਲ੍ਹ ਸਾਰੇ,
ਬਬਰ ਜਥੇ ਦਾ ਜਿਵੇਂ ਜ਼ਹੂਰ ਹੋਇਆ।
ਉਪਰ ਦੇਸ ਦੇ ਜ਼ੁਲਮ ਨੇ ਢਾਏ ਬਹੁਤੇ,
ਜ਼ਿਕਰ ਪੰਥ ਦਾ ਕਰਨਾ ਜ਼ਰੂਰ ਹੋਇਆ।

ਪੰਥ ਉਪਰ ਤਾਂ ਜ਼ੁਲਮ ਉਨ੍ਹਾਂ ਨੇ ਬਹੁਤ ਕੀਤੇ,
ਸੋਈ ਕਹੇ ਨਿਧੜਕ ਮਸ਼ਹੂਰ ਹੋਇਆ।

ਜ਼ੁਲਮ ਕੀਤੇ ਤੈਂ ਭੈੜੀਏ ਪੰਥ ਉੱਤੇ,
ਜ਼ੁਲਮ ਕਰਨ ਦਾ ਕਿਹੜਾ ਦਸਤੂਰ ਹੋਇਆ।
ਤੇਰੇ ਜ਼ੁਲਮਾਂ ਤੋਂ ਗੋਰੀਏ ਤੰਗ ਆ ਕੇ,
ਮਰ ਮਿਟਣ ਦਾ ਕਿਹੜਾ ਕਸੂਰ ਹੋਇਆ।
ਜ਼ੁਲਮਾਂ ਤੇਰਿਆਂ ਅਸਾਂ ਨੂੰ ਹੋਸ਼ ਦਿੱਤੀ,
ਅੱਗੇ ਗਏ ਨਾ ਕਹਿਣਾ ਮਨਜ਼ੂਰ ਹੋਇਆ।
ਲੁੱਟ ਪੁੱਟ ਕੇ ਦੇਸ ਬਰਬਾਦ ਕੀਤਾ,
ਭੰਨਣਾ ਅਸਾਂ ਨੇ ਤੇਰਾ ਗਰੂਰ ਹੋਇਆ।
ਰਹਿਣਾ ਘਰਾਂ ਦੇ ਵਿਚ ਮੁਹਾਲ ਕੀਤਾ,
ਭਖਿਆ ਜ਼ੁਲਮ ਦਾ ਜੰਗ ਤੰਦੂਰ ਹੋਇਆ।
ਕਰਨ ਲੱਗੇ ਜਾਂ ਜ਼ੁਲਮ ਨਿਧੜਕ ਹੋ ਕੇ,
ਬਬਰ ਜਥਾ ਫਿਰ ਵੇਖੋ ਮਫ਼ਰੂਰ ਹੋਇਆ।

ਮਾਸਟਰ ਮੋਤਾ ਸਿੰਘ ਬਾਰੇ

ਉਪਰ ਆਣ ਸਟੇਜ ਦੇ ਖੜੇ ਹੋਇ,
ਮਾਨੋਂ ਬਬਰ ਦੇ ਰੂਪ ਨੂੰ ਧਾਰ ਆਏ।
ਬਾਦਲ ਗਰਜਦਾ ਜਿਵੇਂ ਅਸਮਾਨ ਉੱਤੇ,
ਪਹਿਲਾਂ ਪੁਲਿਸ ਦੇ ਤਾਈਂ ਲਲਕਾਰ ਆਏ।
ਮਗਰੋਂ ਦੱਸ ਕੇ ਲੋਕਾਂ ਨੂੰ ਜ਼ੁਲਮ ਸਾਰੇ,
ਨੌਕਰਸ਼ਾਹੀ ਦੇ ਤਾਈਂ ਫਟਕਾਰ ਆਏ।
ਸਤ ਸੰਤੋਖ ਅਰ ਧਰਮ ਬਚਾਣ ਖ਼ਾਤਰ,
ਸੁਣਨ ਵਾਲਿਆਂ ਤਾਈਂ ਉਭਾਰ ਆਏ।
ਜੁਰਅਤ ਪੁਲਿਸ ਦੀ ਪਈ ਨਾ ਕੋਲ ਆਵੇ,
ਬਬਰ ਸ਼ੇਰ ਦੇ ਵਾਂਗ ਭਬਕਾਰ ਆਏ।
ਫ਼ਖ਼ਰੇ ਕੌਮ ਜਾਂ ਗੱਜੇ ਨਿਧੜਕ ਹੋ ਕੇ,
ਸ਼ਬਦ ਵਾਹ ਵਾਹ ਲੋਕ ਉਚਾਰ ਆਏ।

ਫ਼ਖ਼ਰੇ ਕੌਮ ਤਾਂ ਤੁਰਤ ਰਵਾਨ ਹੋਏ,
ਦੋ ਅੰਗਰੇਜ਼ ਦੀਵਾਨ ਵਿਚ ਧੱਸ ਆਏ।

ਪੁਲਿਸ ਲੈ ਕੇ ਆਪਣੇ ਸੰਗ ਬਹੁਤੀ,
ਉਪਰ ਜਿਸਮ ਦੇ ਪੱਟੀਆਂ ਕੱਸ ਆਏ।
ਰਫਲ ਕੱਛ ਤੇ ਹੱਥ ਪਿਸਤੌਲ ਫੜ ਕੇ,
ਵਿਚ ਜੋਸ਼ ਦੇ ਖ਼ੂਬ ਬੇ-ਬੱਸ ਆਏ।
ਫ਼ਖ਼ਰੇ ਕੌਮ ਦੇ ਲੋਕ ਹਮਦਰਦ ਬਹੁਤੇ,
ਉਪਰ ਪੁਲਿਸ ਦੇ ਲੋਕ ਸਭ ਹੱਸ ਆਏ।
ਪੁਲਿਸ ਦੇਖ ਕੇ ਲੋਕਾਂ ਦਾ ਇਕੱਠ ਬਹੁਤਾ,
ਕਹਿਣ ਮੌਤ ਦੇ ਮੂੰਹ ਵਿਚ ਫਸ ਆਏ।
ਫ਼ਖ਼ਰੇ ਕੌਮ ਤਾਂ ਗੱਜਣ ਨਿਧੜਕ ਦੇਖੋ,
ਪੁਲਿਸ ਵਾਲੜੇ ਰਾਤ ਨੂੰ ਨੱਸ ਆਏ।

ਸਾਡੇ ਸਿੰਘ ਦਲੀਪ ਮਹਾਰਾਜ ਤਾਈਂ,
ਲੈ ਗਈ ਵਿਚ ਵਲੈਤ ਬਾਰ ਬਾਰ ਦੇਖੋ।
ਕੇਸ ਕੱਟ ਕੇ ਈਸਾਈ ਕਰ ਲਿਆ ਉਸ ਨੂੰ,
ਕੀਤੇ ਪੁੱਜ ਕੇ ਅੱਤਿਆਚਾਰ ਦੇਖੋ।
ਵਾਪਸ ਨਹੀਂ ਕੀਤਾ ਧੋਖੇਬਾਜ਼ ਬਣ ਗਈ,
ਸਾਰੇ ਭੁੱਲ ਗਈ ਕੌਲ਼ ਇਕਰਾਰ ਦੇਖੋ।
ਰਾਜ ਖੋਹ ਲਿਆ ਇਸ ਤਰ੍ਹਾਂ ਨਾਲ ਧੋਖੇ,
ਮੱਲੋ ਮੱਲੀ ਦੀ ਬਣੀ ਸਰਕਾਰ ਦੇਖੋ।

ਗੁਰਦੁਆਰਾ ਇੰਤਜ਼ਾਮ ਬਾਰੇ

ਪਹਿਲੇ ਸੰਨ ਅਠਾਰਾਹ ਸੇ ਉਨਾਟ ਤੀਕਰ,
ਇੰਤਜ਼ਾਮ ਸਾਰੇ ਗੁਰਦੁਆਰਿਆਂ ਦਾ।
ਹੈਸੀ ਹੱਥ ਸਾਰਾ ਕੌਮੀ ਸੇਵਕਾਂ ਦੇ,
ਅਖ਼ਤਿਆਰ ਹੈਸੀ ਕੌਮੀ ਪਿਆਰਿਆਂ ਦਾ।
ਜਦੋਂ ਦੇਖਿਆ ਕੌਮ ਦਾ ਭਲ਼ਾ ਕਰਦੇ,
ਵਿਚੋਂ ਦਖ਼ਲ ਹਟਾ ਕੇ ਸਾਰਿਆਂ ਦਾ।
ਟੋਲਾ ਉਨ੍ਹਾਂ ਦੀ ਜਗ੍ਹਾ ਮੁਕੱਰਰ ਕੀਤਾ,
ਪੇਟ-ਪਾਲੂ ਖ਼ੁਸ਼ਾਮਦੀ ਭਾਰਿਆਂ ਦਾ।

ਕੁਝ ਕੁ ਉਕਤ ਕਮੇਟੀ ਦੇ ਮੈਂਬਰਾਂ ਨੇ,
ਜਦੋਂ ਕੌਮ ਦੇ ਨਾਲ ਪਿਆਰ ਕੀਤਾ।

ਹੜਪ ਕਰਨ ਖ਼ਾਤਰ ਸਾਰੀ ਆਮਦਨੀ ਨੂੰ,
ਮਸਲਾ ਹੋਰ ਹੀ ਚੁੱਕ ਤਿਆਰ ਕੀਤਾ।
ਕਰ ਕੇ ਬੰਦ ਕਮੇਟੀ ਦੇ ਸਿਲਸਿਲੇ ਨੂੰ,
ਕਿਉਂ ਇਕ ਦਾ ਹੀ ਅਖ਼ਤਿਆਰ ਕੀਤਾ।
ਸਿਰਬਰਾਹੀ ਦਾ ਸਿਲਸਿਲਾ ਸ਼ੁਰੂ ਕਰ ਕੇ,
ਸਾਰੇ ਪੰਥ ਉੱਤੇ ਸਖ਼ਤ ਵਾਰ ਕੀਤਾ?
ਗ਼ਬਨ ਫੰਡਾਂ ਦੇ ਲੱਖਾਂ ਰੁਪਏ ਕਰ ਕੇ,
ਤੈਨੂੰ ਭੈੜੀਏ ਸਬਰ ਨਾ ਆਇਆ ਜੇ।
ਜੋ ਰਕਾਬ ਗੰਜ ਦਿੱਲੀ ਦਾ ਗੁਰਦੁਆਰਾ,
ਜ਼ਬਰਦਸਤੀ ਦੀਵਾਰ ਨੂੰ ਢਾਹਿਆ ਜੇ।
ਦੇਖ ਚੋਟੀ ਦੇ ਜ਼ੁਲਮ ਦਾ ਵਾਰ ਕੀਤਾ,
ਧਰਮ ਵਿਚ ਤੈਂ ਦਖ਼ਲ ਜਮਾਇਆ ਜੇ।
ਪੰਥ ਦਰਦੀ ਆਵਾਜ਼ ਬੁਲੰਦ ਕੀਤੀ,
ਚੁੱਕ ਉਸ ਨੂੰ ਪਿੰਜਰੇ ਪਾਇਆ ਜੇ।
ਪਿਆਰੇ ਪੰਥ ਦੇ ਸਿੰਘ ਰਣਧੀਰ ਤਾਈਂ,
ਦਸ ਸਾਲ ਤੈਂ ਜੇਲ੍ਹ ਸੁਣਾਇਆ ਜੇ।
ਹੱਦ ਕੋਈ ਨਿਧੜਕ ਨਾ ਕੈਦ ਵਾਲੀ,
ਜ਼ੁਲਮਾਂ ਤੇਰਿਆਂ ਪੰਥ ਜਗਾਇਆ ਜੇ।

ਬਜਬਜ ਘਾਟ ਬਾਰੇ

ਲੱਗਾ ਆਣ ਜਹਾਜ਼ ਘਾਟ ਉੱਤੇ,
ਸਿੰਘ ਉਤਰੇ ਘਰਾਂ ਨੂੰ ਜਾਵਣੇ ਨੂੰ।
ਚੁੱਕ ਬਿਸਤਰੇ ਹੋਣ ਰਵਾਨ ਲੱਗੇ,
ਜ਼ਾਲਮ ਉੱਠ ਪਏ ਜ਼ੁਲਮ ਕਮਾਵਣੇ ਨੂੰ।
ਪੈਣ ਲੱਗੀਆਂ ਗੋਲੀਆਂ ਟੋਲੀਆਂ 'ਤੇ,
ਘੇਰ ਘੱਤਿਆ ਕੁੱਲ ਮੁਕਾਵਣੇ ਨੂੰ।
ਬਹੁਤ ਸਿੰਘ ਤਾਂ ਉਥੇ ਸ਼ਹੀਦ ਹੋਏ,
ਬਾਕੀ ਦੌੜ ਪਏ ਜਿੰਦ ਬਚਾਵਣੇ ਨੂੰ।

ਮਾਰ ਮਾਰ ਕੇ ਗੋਲੀ ਬੇਦੋਸਿਆਂ 'ਤੇ,
ਜ਼ਾਲਮ, ਸਿੰਘਾਂ ਨੂੰ ਧਰਤ ਸੁਟੇਣ ਲੱਗ ਪਏ।
ਕੋਈ ਸੁਣੇ ਨਾ ਚੀਖ ਪੁਕਾਰ ਤਾਈਂ,
ਵਧ ਵਧ ਕੇ ਜ਼ੁਲਮ ਕਮਾਉਣ ਲੱਗ ਪਏ।
'ਜਾ ਨਾ ਪਾਵੇ' ਏਹੋ ਆਵਾਜ਼ ਆਵੇ,
ਛੁਰੀ ਜ਼ੁਲਮ ਦੀ ਦੇਖੋ ਚਲਾਉਣ ਲੱਗ ਪਏ।

ਸਿੰਘ ਸੂਰਿਆਂ ਪਰ ਬੇ-ਹਥਿਆਰਿਆਂ ਨੂੰ,
ਗਿੱਦੜ-ਭਬਕੀਆਂ ਮਾਰ ਡਰੌਣ ਲੱਗ ਪਏ।

ਖ਼ੂਨ ਵਗਿਆ ਵਾਂਗ ਪ੍ਰਨਾਲਿਆਂ ਦੇ,
ਲਹੇ ਸਿੰਘਾਂ ਦੇ ਘਾਣ ਦੇ ਘਾਣ ਓਥੇ।
ਖ਼ੂਨ ਵਗ ਕੇ ਬੇ-ਗੁਨਾਹ ਬੰਦਿਆਂ ਦਾ,
ਧਰਤ ਹੋਈ ਸੀ ਲਹੂ-ਲੁਹਾਨ ਓਥੇ।
ਆਂਸੂ ਖ਼ੂਨ ਦੇ ਪਏ ਬਹਾਣ ਲੋਕੀਂ,
ਮਰੇ ਦੇਖ ਕੇ ਸਿੰਘ ਜਵਾਨ ਓਥੇ।
ਕੀਤੇ ਜ਼ੁਲਮ ਨਿਧੜਕ ਹੋ ਪਾਪੀਆਂ ਨੇ,
ਕੰਬ ਉੱਠਿਆ ਜ਼ਮੀਨ ਅਸਮਾਨ ਓਥੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਬਾਰੇ

ਕਮੇਟੀ ਬੱਝ ਗਈ ਕੌਮ ਦੇ ਦਰਦੀਆਂ ਦੀ,
ਕੀਤੇ ਗੁਰਮਤੇ ਸਾਰਿਆਂ ਰਲ ਸਮਝੋ।
ਹੁਕਮਨਾਮੇ ਕਮੇਟੀ ਨੇ ਲਿਖ ਭੇਜੇ,
ਬਦਚਲਨ ਪੁਜਾਰੀਆਂ ਵੱਲ ਸਮਝੋ।
ਚਾਲ ਚਲਣ ਦਰੁਸਤ ਕਰ ਲਓ ਵਰਨਾ,
ਕੀਤੇ ਜਾਉਗੇ ਸੇਵਾ ਤੋਂ ਵੱਲ ਸਮਝੋ।
ਹੁਕਮਨਾਮਿਆਂ ਪਹੁੰਚਦੇ ਸਾਰ ਬਹੁਤੇ,
ਅੰਮ੍ਰਿਤਸਰ ਨੂੰ ਆਏ ਸੀ ਚੱਲ ਸਮਝੋ।
ਹੋਣ ਲੱਗਾ ਸੁਧਾਰ ਗੁਰਦੁਆਰਿਆਂ ਦਾ,
ਗੌਰਮਿੰਟ ਦੇ ਉੱਠਿਆ ਸੱਲ ਸਮਝੋ।
ਜ਼ਾਲਮ ਅਫ਼ਸਰਾਂ ਕਿਹਾ ਪੁਜਾਰੀਆਂ ਨੂੰ,
ਮੱਤ ਹੋਵੋ ਕਮੇਟੀ ਦੇ ਤਲ ਸਮਝੋ।
ਮਦਦ ਤੁਸਾਂ ਦੀ ਆਪ ਸਰਕਾਰ ਕਰਸੀ,
ਕਰਸੀ ਔਕੜਾਂ ਸਾਰੀਆਂ ਹੱਲ ਸਮਝੋ।
ਜੇਕਰ ਬਣੇਗੀ ਫ਼ੌਜ ਦੀ ਲੋੜ ਤੁਹਾਨੂੰ,
ਮਦਦ ਵਾਸਤੇ ਦੇਵਾਂ ਮੈਂ ਘੱਲ ਸਮਝੋ।
ਰੱਖੋ ਲੋੜ ਅਨੁਸਾਰ ਹਥਿਆਰ ਬੇਸ਼ੱਕ,
ਨੌਕਰ ਰੱਖੋ ਤੇ ਲਾਉ ਨਾ ਪਲ ਸਮਝੋ।
ਹੋਈ ਸ਼ਹਿ ਬਦਚਲਨ ਪੁਜਾਰੀਆਂ ਨੂੰ,
ਝੱਟ ਗਏ ਸਮਝੌਤੇ ਤੋਂ ਟਲ ਸਮਝੋ।

ਮਾਲਕ ਬਣ ਬੈਠੇ ਗੁਰਦੁਆਰਿਆਂ ਦੇ,
ਨਾ ਮਨਜ਼ੂਰ ਕਮੇਟੀ ਦੀ ਗੱਲ ਸਮਝੋ।
ਜ਼ੁਲਮ ਦੇਖ ਨਿਧੜਕ ਹੋ ਤਿਆਰ ਹੋਇਆ,
ਗੁਰੂ ਵੱਲੋਂ ਅਕਾਲੀਆਂ ਦਲ ਸਮਝੋ।

ਪਰਜਾ ਆਪਣੀ ਤਾਈਂ ਸਤੌਣ ਖ਼ਾਤਰ,
ਜ਼ੁਲਮ ਕਰਨ ਦਾ ਢੰਗ ਬਣਾਣ ਦੇਖੋ।
ਤੰਗ ਮਾਇਆ ਤੋਂ ਲੋਕਾਂ ਨੂੰ ਕਰਨ ਖ਼ਾਤਰ,
ਪੁਲੀਸ ਚੌਂਕੀਆਂ ਪਿੰਡੀ ਬਿਠਾਣ ਦੇਖੋ।
ਉੱਤਮ ਖ਼ਿਆਲ ਇਹ ਆਪ ਸਰਕਾਰ ਕੀਤਾ,
ਚੋਰ ਡਾਕੂ ਨਾ ਲੁੱਟ ਲਿਜਾਣ ਦੇਖੋ।
ਐਕਟ ਪੰਜ ਜੋ ਦੱਸ ਕੇ ਅਸਾਂ ਤਾਈਂ,
ਲੱਗੇ ਲਹਿਰ ਅਕਾਲੀ ਦਬਾਣ ਦੇਖੋ।
ਬਣੇ ਜਥੇ ਸੀ ਜਿਹੜੇ ਅਕਾਲੀਆਂ ਦੇ,
ਪੁਲੀਸ ਚੌਂਕੀ ਦਾ ਪੈਸਾ ਉਗਰਾਣ ਦੇਖੋ।
ਹੋਣ ਲੱਗਾ ਜਾਂ ਜ਼ੁਲਮ ਬੇਦੋਸ਼ਿਆਂ 'ਤੇ,
ਤੰਗ ਆਏ ਸੀ ਗਰੀਬ ਕਿਸਾਨ ਦੇਖੋ।
ਜਿਸ ਦੇ ਪਾਸੋਂ ਨਾ ਨਿਕਲਦੇ ਨਕਦ ਪੈਸੇ,
ਕੁਰਕ ਕਰਦੇ ਸੀ ਮਾਲ ਸਮਾਨ ਦੇਖੋ।
ਝਾੜ ਝੰਬ ਸੀ ਜੁੱਤੀਆਂ ਨਾਲ ਕਰਦੇ,
ਕੇਸ ਦਾੜ੍ਹੀਆਂ ਲੱਗੇ ਪਟਾਣ ਦੇਖੋ।
ਬਹੁਤ ਪੁਲੀਸ ਤੇ ਫ਼ੌਜ ਨੂੰ ਸੰਗ ਲੈ ਕੇ,
ਘੋੜ ਚੜ੍ਹੇ ਭੀ ਨਾਲ ਮਿਲਾਣ ਦੇਖੋ।
ਗਿਰਦ ਪਿੰਡ ਦੇ ਘੇਰੇ ਨੂੰ ਘੱਤ ਕਰ ਕੇ,
ਬਾਹਰ ਕਿਸੇ ਨੂੰ ਦੇਣ ਨਾ ਜਾਣ ਦੇਖੋ।
ਡਰ ਦੱਸ ਕੇ ਤੋਪ ਮਸ਼ੀਨ ਵਾਲਾ,
ਜ਼ਾਲਮ ਘਰਾਂ ਦੀ ਲੁੱਟ ਮਚਾਣ ਦੇਖੋ।
ਬਣ ਕੇ ਆਪ ਡਾਕੂ ਕਹਿਣ ਹੋਰਨਾਂ ਨੂੰ,
ਜ਼ਾਲਮ ਦੇਖਦਿਆਂ ਕਹਿਰ ਕਮਾਣ ਦੇਖੋ।
ਛੱਡ ਦਿੰਦੇ ਸੀ ਡਾਇਰੀ-ਬਾਜ਼ ਤਾਈਂ,
ਮੁਖ਼ਬਰ ਤਾਈਂ ਵੀ ਪੈਨਸ਼ਨਾਂ ਲਾਣ ਦੇਖੋ।
ਧਰਮ ਉਪਰ ਹੋਣ ਕੁਰਬਾਨ ਜੇਹੜੇ,
ਜ਼ਾਲਮ ਉਨ੍ਹਾਂ ਨੂੰ ਬੜੇ ਸਤਾਣ ਦੇਖੋ।
ਆਖ਼ਰ ਧਰਮ ਦੀ ਜੈ ਤੇ ਕੂੜ ਖੈ,
ਲਿਖਿਆ ਵੇਦ ਤੇ ਵਿਚ ਕੁਰਾਨ ਦੇਖੋ।

ਜਿਨ੍ਹਾਂ ਲੁੱਟਿਆ ਦੇਸ਼ ਨਿਧੜਕ ਹੋ ਕੇ,
ਗੋਰੇ-ਸ਼ਾਹੀ ਤਾਂ ਲੱਗੇ ਮਚਾਣ ਦੇਖੋ।

ਬਬਰ ਅਕਾਲੀ ਜਥਾ ਦੀ ਕਾਇਮੀ

ਨੌਕਰਸ਼ਾਹੀ ਦੇ ਜ਼ੁਲਮਾਂ ਨੂੰ ਦੇਖ ਕਰਕੇ,
ਹੋਏ ਆਪ ਸੀ ਬਹੁਤ ਮਜਬੂਰ ਵੀਰੋ।
ਜ਼ੁਲਮ ਸਹਿਣ ਤੋਂ ਮੌਤ ਹਜ਼ਾਰ ਦਰਜੇ,
ਚੰਗੀ ਸਮਝ ਕੇ ਹੋਏ ਮਫ਼ਰੂਰ ਵੀਰੋ।
ਬਬਰ ਅਕਾਲੀ ਦੁਆਬਾ ਅਖ਼ਬਾਰ ਜ਼ਿਰੀਏ,
ਸਾੜੇ ਮੁਖ਼ਬਰ ਨਾ ਕੋਈ ਕਸੂਰ ਵੀਰੋ।
ਜਾ ਕੇ ਦਿੰਦੇ ਸੀ ਝੂਠੀਆਂ ਡੈਰੀਆਂ ਜੋ,
ਕਾਰਨ ਪੇਟ ਦੇ ਬੋਲਦੇ ਕੂੜ ਵੀਰੋ।
ਜਦੋਂ ਦੇਖਿਆ ਪਾਪੀ ਨਾ ਬਾਜ਼ ਆਉਂਦੇ,
ਕੀਤਾ ਜਥਾ ਸੀ ਇਕ ਤਿਆਰ ਜ਼ਰੂਰ ਵੀਰੋ।
ਨਾਮ ਉਸ ਦਾ ਰੱਖਿਆ ਬਬਰ ਜਥਾ,
ਹੋਇਆ ਜਗ ਦੇ ਵਿਚ ਮਸ਼ਹੂਰ ਵੀਰੋ।

ਮੈਂਬਰ ਰੱਖਣ ਦਾ ਨਿਯਮ ਸੀ ਬਹੁਤ ਸੋਹਣਾ,
ਨਾਮ ਕਰਦੇ ਸ਼ਾਇਆ ਅਖ਼ਬਾਰ ਪਹਿਲੋਂ।
ਪਹਿਲੇ ਤੀਨ ਫਿਰ ਕੁਲ ਹੈਨ ਸੱਤ ਹੋਏ,
ਕੀਤੇ ਕਤਲ ਸੀ ਚੰਦ ਗ਼ਦਾਰ ਪਹਿਲੋਂ।
ਮਗਰੋਂ ਕਰਨ ਦੀ ਲੋੜ ਸੀ ਹੋਰ ਡਾਢੀ,
ਆਈ ਬਬਰ ਨੂੰ ਧੁਰੋਂ ਸੀ ਤਾਰ ਪਹਿਲੋਂ।
ਦਿਲ ਦੇ ਪਾਪ ਦਾ ਪਤਾ ਜੇ ਲੱਗ ਜਾਂਦਾ,
ਕਰਦੇ ਕੰਮ ਅਨੂਪੇ ਦਾ ਪਾਰ ਪਹਿਲੋਂ।
ਘੇਰਾ ਪੁਲਸ ਦਾ ਦੇਖ ਕੇ ਟੋਲ ਥੱਲੇ,
ਕਹਿਣ ਅਨੂਪੇ ਦਾ ਕਰਦੇ ਸ਼ਿਕਾਰ ਪਹਿਲੋਂ।
ਬੇਈਮਾਨ ਤਾਂ ਪੁਲਸ ਦੇ ਕੋਲ ਪਹੁੰਚਾ,
ਉਸ ਨੇ ਗਿਣੀ ਸੀ ਜਿਸ ਤਰ੍ਹਾਂ ਕਾਰ ਪਹਿਲੋਂ।
ਹਮਲਾ ਕੀਤਾ ਫਿਰ ਪੁਲਸ ਤੇ ਜਾਏ ਬੱਬਰਾਂ,
ਬਬਰਾਂ ਵਾਲੜੀ ਮਾਰ ਭਬਕਾਰ ਪਹਿਲੋਂ।
ਰਸਤਾ ਛੱਡ ਕੇ ਪੁਲਸ ਇਕ ਲਾਂਭ ਹੋਈ,
ਝੱਲ ਸਕੀ ਨਾ ਬਬਰਾਂ ਦੀ ਤਾੜ ਪਹਿਲੋਂ।
ਮਗਰ ਆਉਣ ਤਾਂ ਭੰਨੀਏ ਦੰਦ ਸੋਹਣੇ,
ਲੰਘ ਚੱਲੀਏ ਵੇਈਂ ਤੋਂ ਪਾਰ ਪਹਿਲੋਂ।

ਤਰਦੇ ਜਾਂਦੇ ਸੀ ਨਦੀ ਦੇ ਵਿਚ ਸੋਹਣੇ,
ਬਰਸੀਆਂ ਗੋਲੀਆਂ ਜਿਵੇਂ ਵਿਛਾੜ ਪਹਿਲੋਂ।
ਬਬਰ ਨਦੀ ਦੇ ਵਿਚ ਸ਼ਹੀਦ ਕੀਤੇ,
ਵਿਚਲੇ ਭੌਰ ਤਾਂ ਹੋਏ ਫਰਾਰ ਪਹਿਲੋਂ।
ਵੀਰੋ ਆਪ, ਨਿਧੜਕ ਪਿੱਛੇ,
ਪਹੁੰਚ ਗਏ ਹੋ ਗੁਰੂ ਦਵਾਰ ਪਹਿਲੋਂ।

ਭਾਈ ਧੰਨਾ ਸਿੰਘ ਦੀ ਸ਼ਹੀਦੀ

ਵਕਤ ਸ਼ਹੀਦੀ ਦਾ ਆਣ ਪਹੁੰਚਾ,
ਧੰਨਾ ਸਿੰਘ ਜੀ ਹੋਇ ਹੁਸ਼ਿਆਰ ਪਹਿਲੇ।
ਪਹਿਲੇ ਹੱਥ ਹੀ ਬੰਬ ਗਰਾ ਕਰ ਕੇ,
ਲਾਹੇ ਪੁਲਸ ਦੇ ਮਾਨੋਂ ਸਥਾਰ ਪਹਿਲੇ।
ਸਣੇ ਸਾਹਿਬ ਦੇ ਪੁਲਸ ਨੂੰ ਤੋਰ ਕੇ ਤੇ,
ਬੰਬ ਵਾਲੜਾ ਲਾਹਿਆ ਉਧਾਰ ਪਹਿਲੇ।
ਮਗਰੋਂ ਆਪ ਵੀ ਵੀਰਾਂ ਦੇ ਕੋਲ ਪਹੁੰਚੇ,
ਕਰਦੇ ਬਬਰ ਸੀ ਜਿਥੇ ਇੰਤਜ਼ਾਰ ਪਹਿਲੇ।
ਸਤਿ ਸ੍ਰੀ ਅਕਾਲ ਆਇ ਆਖੀ,
ਬਬਰ ਹੋਇ ਸੀ ਜਦ ਬਲਿਹਾਰ ਪਹਿਲੇ।
ਮੇਲ ਹੋਣ ਸੰਜੋਗ ਨਿਧੜਕ ਵਾਲੇ,
ਮੱਲਿਆ ਆਪ ਸੀ ਜਾ ਗੁਰਦਵਾਰ ਪਹਿਲੇ।

ਬੈਂਤ

ਲਹਿਰ ਅਕਾਲੀ ਦੇ ਸਮਝੋ ਦਬੌਣ ਖ਼ਾਤਰ,
ਨਿਰਦੋਸ਼ ਸਿੰਘਾਂ ਦੇ ਕੀਤੇ ਚਲਾਨ ਦੇਖੋ।
ਆਦਲ ਅਫ਼ਸਰ ਵੀ ਪੁਲਸ ਦੇ ਸੰਗ ਮਿਲ ਕੇ,
ਕਲਮ ਜ਼ੁਲਮ ਦੀ ਲੱਗੇ ਵਗਾਣ ਦੇਖੋ।
ਹਾਜ਼ਰ ਮੁਲਜ਼ਮ ਦੇ ਹੋਣ ਦੀ ਲੋੜ ਨਾਹੀਂ,
ਕਹੇ ਪੁਲਸ ਦੇ ਲਿਖਣ ਬਿਆਨ ਦੇਖੋ।
ਪੁਲਸ ਵਾਲੇ ਵੀ ਮੁਲਜ਼ਮ ਤੋਂ ਧੀਂਗ ਜ਼ੋਰੀ,
ਕੁੱਟ ਮਾਰ ਕੇ ਦਸਖ਼ਤ ਕਰਵਾਣ ਦੇਖੋ।
ਕੀਤੇ ਬਿਨਾਂ ਸ਼ਨਾਖ਼ਤ ਲਿਖ ਦੇਣ ਵਾਲੇ,
ਏਹੋ ਜਿਹੇ ਵੀ ਆਦਲ ਕਹਾਣ ਦੇਖੋ।
ਕਹਿਣੇ ਪੁਲਸ ਦੇ ਵੇਚਣ ਜ਼ਮੀਰ ਜੇਹੜੇ,
ਦਿਲ ਆਪ ਦੇ ਸ਼ਰਮ ਨਾ ਖਾਣ ਦੇਖੋ।

ਪੁਲਸ ਵਾਲਿਆਂ ਦਾ ਧਰਮ ਈਮਾਨ ਨਾਹੀਂ,
ਹੁਣ ਤਾ ਅਦਲ ਵੀ ਲੱਗੇ ਗਵਾਣ ਦੇਖੋ।
ਜੇ ਕਰ ਕਿਸੇ ਨੂੰ ਦੇਖਣ ਦੀ ਲੋੜ ਹੋਵੇ,
'ਅਬਦੁਲ ਫ਼ਤਹ' ਜਲੰਧਰ ਵਿਚ ਆਣ ਦੇਖੋ।
ਉਕਤ ਖ਼ੂਬੀਆਂ ਵਿਚ ਭਰਪੂਰ ਏਹੋ,
ਉੱਤੋਂ ਨਰਮ ਤੇ ਵਿਚੋਂ ਸ਼ੈਤਾਨ ਵੇਖੋ।
ਬਾਤ ਸੱਚ ਤੂੰ ਆਖ ਨਿਧੜਕ ਹੋ ਕੇ,
ਹੋਰ ਏਸ ਤੋਂ ਘੱਟ ਕੀ ਫ਼ੁਰਮਾਨ ਦੇਖੋ।

ਬੈਂਤ

ਸ਼ਾਂਤਮਈ ਅਕਾਲੀ ਗ੍ਰਿਫ਼ਤਾਰ ਕਰ ਕੇ,
ਕੀਤਾ ਏਹਨਾਂ ਨੂੰ ਬਬਰ ਮਸ਼ਹੂਰ ਸਮਝੋ।
ਨਾ ਏਹ ਜਾਣਦੇ ਬਬਰ ਅਕਾਲੀਆਂ ਨੂੰ,
ਕੀਤਾ ਜ਼ਾਲਮਾਂ ਏਹ ਦਸਤੂਰ ਸਮਝੋ।
ਝੂਠ ਬੋਲਣਾ ਆਪ ਦੇ ਪਾਸ ਨਾਹੀਂ,
ਨੌਕਰਸ਼ਾਹੀ ਵਿਚ ਜ਼ੁਲਮ ਜ਼ਰੂਰ ਸਮਝੋ।
ਹੁਣ ਜ਼ੁਲਮ ਹੈ ਬਾਕੀ ਅਕਾਲੀਆਂ 'ਤੇ,
ਏਹ ਸਭ ਹੀ ਬਿਨਾ ਕਸੂਰ ਸਮਝੋ।

ਅਬਦੁਲ ਫਤਾ ਤੇ ਬੁਲਰ ਨੇ ਜ਼ੁਲਮ ਕੀਤੇ,
ਛਿੱਕੇ ਟੰਗ ਕੇ ਕੜੇ ਕਾਨੂੰਨ ਹਾਕਮ।
ਸੀ.ਆਈ.ਡੀ. ਪੁਲਸ ਦੇ ਲੱਗ ਆਖੇ,
ਕੀਤਾ ਏਹਨਾਂ ਨੇ ਅਦਲ ਦਾ ਖ਼ੂਨ ਹਾਕਮ।
ਕਹਿਣੇ ਦੂਜੇ ਦੇ ਜੋ ਜ਼ਮੀਰ ਵੇਚੇ,
ਉਹਦਾ ਹੋਵਦਾ ਕਿਹੜਾ ਮਜ਼ਮੂਨ ਹਾਕਮ।
ਕਿਸੇ ਕਿਸਮ ਦੇ ਰੁਹਬ ਦੇ ਵਿਚ ਆ ਕੇ,
ਬਰਪਾ ਕਰੀਂ ਨਾ ਕਿਤੇ ਤਾਊਨ ਹਾਕਮ।

ਸ਼ਹੀਦਾਂ ਦੇ ਨਾਂ

ਬੈਂਤ

ਜਦੋਂ ਆਪ ਦੇ ਨਾਲ ਸੀ ਕੰਮ ਕਰਦੇ,
ਸਮਝੀ ਮੌਤ ਸੀ ਅਸਾਂ ਨੇ ਖੇਹਲ ਬਬਰੋ।
ਜਿਸਮ ਅਸਾਂ ਦਾ ਜ਼ਾਲਮਾਂ ਤੰਗ ਕੀਤਾ,
ਕਰਦਾ ਮਨ ਹੈ ਅਸਾਂ ਦਾ ਕੇਹਲ ਬਬਰੋ।

ਪਹਿਲਾਂ ਪੁਲਸ ਨੇ ਦਿੱਤੀ ਤਕਲੀਫ਼ ਬਹੁਤੀ,
ਮਗਰੋਂ ਦਿੱਤਾ ਸੀ ਜੇਲ੍ਹ ਧਕੇਲ ਬਬਰੋ।
ਪੇਟ ਭਰੇ ਖੁਰਾਕ ਦੇ ਨਾਲ ਨਾਹੀਂ,
ਕੇਸਾਂ ਵਾਸਤੇ ਮਿਲੇ ਨਾ ਤੇਲ ਬਬਰੋ।
ਕੀਤੀ ਪੁਲਸ ਨੇ ਜਿਸ ਤਰ੍ਹਾਂ ਸੰਗ ਮੇਰੇ,
ਬੰਦ ਰੱਖਿਆ ਜਿਸ ਤਰ੍ਹਾਂ ਜੇਹਲ ਬਬਰੋ।
ਉਪਰ ਅਸਾਂ ਦੇ ਪ੍ਰਸ਼ਨ ਹੈ ਕਠਨ ਪਾਏ,
ਹੁੰਦੇ ਦੇਖਿਆ ਪਾਸ ਕਿ ਫੇਹਲ ਬਬਰੋ।
ਬਬਰੋ ਨਾਲ ਅਸੀਸ ਜ਼ਰੂਰ ਸਮਝੋ,
ਪਕੜੇ ਹੋਏ ਨੇ ਪੁਲਸ ਚੜੇਲ ਬਬਰੋ।
ਨਿੱਤ ਚਵੀ ਹਜ਼ਾਰ ਦਾ ਪਵੇ ਘਾਟਾ,
ਦੌੜੇ ਜਾਂਵਦੇ ਸਵਾਸ ਜਿਉਂ ਰੇਲ ਬਬਰੋ।
ਸਾਰੀ ਆਪ ਨੂੰ ਆਇ ਸੁਨਾਇ ਦੇਸਾਂ,
ਧਰ ਕੇ ਮੁੱਢ ਤੋਂ ਸਾਰੀ ਏਹ ਟੇਲ ਬਬਰੋ।
ਡਾਹਢੀ ਤਾਂਘ ਨਿਧੜਕ ਨੂੰ ਦਰਸ਼ਨਾਂ ਦੀ,
ਕਰਨ ਗੁਰੂ ਜੀ ਅਸਾਂ ਦਾ ਮੇਲ ਬਬਰੋ।

ਸਰਕਾਰੀ ਵਕੀਲ, ਸੀ.ਆਈ.ਡੀ. ਦੀ ਧੱਕੇਸ਼ਾਹੀ ਬਾਰੇ ਬੈਂਤ

ਪਿੰਡੀ ਦਾਸ ਸਰਕਾਰੀ ਵਕੀਲ ਨਾਲੇ,
ਸੀ.ਆਈ.ਡੀ. ਫ਼ਜ਼ਲ ਅਮਾਮ ਲੋਕੋ।
ਨਿਰਦੋਸ਼ ਸਿੰਘਾਂ 'ਤੇ ਜ਼ੁਲਮ ਕਮੌਣ ਭੈੜੇ,
ਏਸ ਗੱਲ ਨੂੰ ਜਾਣਦੇ ਆਮ ਲੋਕੋ।
ਲਖਪਤ ਪਹਿਲਾ ਤੇ ਦੂਸਰਾ ਮੀਰ ਮਨੂੰ,
ਲਿਖੀ ਅਸਾਂ ਨੇ ਗੱਲ ਨਾ ਖਾਮ ਲੋਕੋ।
ਕੀਤੇ ਜ਼ੁਲਮ ਸੀ ਜਿਨ੍ਹਾਂ ਨੇ ਬਹੁਤ ਉਦੋਂ,
ਉਹ ਵੀ ਜਾਣਦੇ ਸਭ ਤਮਾਮ ਲੋਕੋ।
ਬੁਰਾ ਉਹਨਾਂ ਦਾ ਅੰਤ ਨੂੰ ਹਾਲ ਭੈੜਾ,
ਮੇਟ ਸਕੇ ਨਾ ਸਿੰਘ ਦਾ ਨਾਮ ਲੋਕੋ।
ਪਹਿਲਾਂ ਮਾਰਿਆ ਵਿਸ਼ਟੇ ਵਿਚ ਬੰਦ ਕਰ ਕੇ,
ਗਿਰਦੇ ਘੋੜਿਉਂ, ਦੂਜੇ ਦਾ ਕਾਮ ਲੋਕੋ।
ਏਹਨਾਂ ਜ਼ਾਲਮਾਂ ਦਾ ਏਹੋ ਹਾਲ ਹੋਣਾ,
ਹੋਣ ਜਗ ਦੇ ਵਿਚ ਬਦਨਾਮ ਲੋਕੋ।
ਕੋਹੜੀ ਹੋਇ ਕੇ ਮਰਨ ਨਿਧੜਕ ਆਖੇ,
ਨਰਕ ਜਾਂਵਦੇ ਕਰਨ ਜੋ ਕਾਮ ਲੋਕੋ।

ਬਬਰ ਜਥੇ 'ਚ ਸ਼ਾਮਿਲ ਕਿਵੇਂ ਹੋਏ

ਬੈਂਤ

ਜ਼ੁਲਮ ਦੇਖ ਕੇ ਨੌਕਰੀ ਛੱਡ ਕਰ ਕੇ,
ਜੈਤੋ ਗਏ ਬਣ ਕੇ ਜਥੇਦਾਰ ਸਾਈਂ।
ਹੋਇ ਸ਼ਹੀਦ ਇਹ ਨਾਲ ਅਕਾਲੀਆਂ ਦੇ,
ਖਾਧੀਆਂ ਗੋਲੀਆਂ ਛਾਤੀ ਵਿਚਕਾਰ ਸਾਈਂ।
ਕੇਹੜੇ ਕੇਹੜੇ ਮੈਂ ਜ਼ੁਲਮ ਗਣਾ ਦੇਵਾਂ,
ਆਵੇ ਅੰਤ ਨਾ ਕੋਈ ਸ਼ੁਮਾਰ ਸਾਈਂ।
ਉਕਤ ਗੁਰੂਆਂ ਦੇ ਸਬਕ ਵਿਚ ਪਾਸ ਹੋਇਆ,
ਸ਼ਾਂਤਮਈ ਜੋ ਤੇਜ਼ ਹਥਿਆਰ ਸਾਈਂ।
ਕੀਤਾ ਉਫ਼ ਨਾ ਚੁੱਕਿਆ ਹੱਥ ਉੱਤੇ,
ਭਾਵੇਂ ਜ਼ਾਲਮ ਸੀ ਰਹੇ ਲਲਕਾਰ ਸਾਈਂ।
ਸ਼ਾਂਤੀ ਪੰਥ ਨੇ ਤੋੜ ਨਭਾਇ ਦਿੱਤੀ,
ਭਰਿਆ ਜ਼ਾਲਮ ਦੇ ਵਿਚ ਹੰਕਾਰ ਸਾਈਂ।
ਹੁਕਮ ਭੇਜ ਹੁਣ ਪੈਂਤਰਾ ਬਦਲ ਦੇਵੋ,
ਘੱਲ ਪੰਥ ਨੂੰ ਝੱਬਦੇ ਮਾਣ ਸਾਈਂ।
ਜੇਹੜੇ ਤੋਪਾਂ ਮਸ਼ੀਨਾਂ ਦਾ ਮਾਨ ਕਰਦੇ,
ਰਹੇ ਐਰੋਪਲੇਨ ਦਿਖਾਲ ਸਾਈਂ।
ਚਮਕ ਦੇਵੇਂ ਜੇ ਕਲਗੀ ਦੀ ਇਕ ਵਾਰੀ,
ਅੰਧੇ ਹੋਣਗੇ ਜ਼ਾਲਮ ਬਦਕਾਰ ਸਾਈਂ।
ਹੁਣ ਤਾਂ ਜ਼ੁਲਮਾਂ ਦੀ ਸਮਝ ਲਓ ਹੱਦ ਹੋ ਗਈ,
ਕਰਦਾ ਪੰਥ ਹੈ ਹਾਲ ਪੁਕਾਰ ਸਾਈਂ।
ਦੇਰ ਹੁਕਮ ਦੀ ਜ਼ੁਲਮ ਤੋਂ ਤੰਗ ਹੋਇਆ,
ਆਤਸ਼ਖੇਜ਼ ਇਹ ਪੰਥ ਪਹਾੜ ਸਾਈਂ।
ਕੀਤੀ ਦੇਰ ਬਿਨਾਂ ਗੁਰੂ ਦੁਲਾਰਿਆਂ ਨੇ,
ਹੋਰ ਸਹਿਣੇ ਨਾ ਜ਼ੁਲਮ ਸਰਕਾਰ ਸਾਈਂ।
ਲਿਸ਼ਕੇ ਕਲਗੀ ਤੇ ਕੌਮ ਨਿਧੜਕ ਹੋਵੇ,
ਲਾਹੁਣੇ ਸਿਰਾਂ ਤੋਂ ਸਾਰੇ ਉਧਾਰ ਸਾਈਂ।

ਬੈਂਤ

ਕਲਗੀ ਵਾਲਿਆ ਅਰਜ਼ ਮਨਜ਼ੂਰ ਕਰਨੀ,
ਕਿਤੇ ਦੇਣਾ ਨਾ ਜਿਹਲਾਂ 'ਚ ਰੋਲ ਮੈਨੂੰ।
ਏਸ ਜ਼ਿੰਦਗੀ ਨਾਲੋਂ ਹੈ ਮੌਤ ਚੰਗੀ,
ਸੱਦ ਲੇਵਣਾ ਆਪ ਦੇ ਕੋਲ ਮੈਨੂੰ।

ਔਗੁਣ ਦਾਸ ਦੇ ਆਪ ਨੇ ਬਖ਼ਸ਼ ਦੇਣੇ,
ਚੰਗੇ ਆਉਂਦੇ ਨਹੀਂ ਬੋਲਣੇ ਬੋਲ ਮੈਨੂੰ।
ਕੀਤੀ ਸੇਵਾ ਮੈਂ ਬਬਰਾਂ ਦੇ ਨਾਲ ਰਲ ਕੇ,
ਘੱਟ ਆਉਂਦਾ ਨਹੀਂ ਤੋਲਣਾ ਤੋਲ ਮੈਨੂੰ।
ਬਹੁਤ ਅਸਾਂ ਨੂੰ ਜ਼ਾਲਮਾਂ ਤੰਗ ਕੀਤਾ,
ਚੁੱਪ ਰਹਿਣ ਦੇ ਹੋਰ ਨਾ ਫੋਲ ਮੈਨੂੰ।
ਬਿਨੇ ਆਖ਼ਰੀ ਪੰਥ ਦੇ ਤਾਈਂ ਮੇਰੀ,
ਔਗੁਣ ਬਖ਼ਸ਼ਣੇ ਸਮਝ ਕੇ ਢੋਲ ਮੈਨੂੰ।
ਚੋਰ ਧਾੜਵੀ ਡਾਕੂ ਨਾ ਸਮਝ ਲੈਣਾ,
ਸੇਵਕ ਸਮਝਣਾ ਅਤੀ ਨਿਰੋਲ ਮੈਨੂੰ।
ਨੌਕਰਸ਼ਾਹੀ ਦਾ ਕੰਮ ਬਦਨਾਮ ਕਰਨਾ,
ਵਾਂਗ ਵੈਰੀ ਦੇ ਰਹੀ ਹੈ ਝੋਲ ਮੈਨੂੰ।
ਔਗਣਹਾਰੇ ਦੀ ਫ਼ਤਹਿ ਮਨਜ਼ੂਰ ਕਰਨੀ,
ਬਖ਼ਸ਼ ਦੇਵਣੇ ਦਾਸ ਦੇ ਫੋਲ ਮੈਨੂੰ।
ਗਏ ਬਬਰ ਨੇ ਜਥੇ ਸ਼ਹੀਦ ਜੇਹੜੇ,
ਕਲਗੀ ਵਾਲਿਆ ਦੁਆਰ ਹੁਣ ਖੋਲ੍ਹ ਮੈਨੂੰ।
ਚੜ੍ਹਨਾ ਸੂਲੀ 'ਤੇ ਵਾਂਗ ਮਨਸੂਰ ਸਮਝੋ,
ਕਰਨਾ ਪਾਰ ਨਾ ਦੇਵਣਾ ਡੋਲ ਮੈਨੂੰ।
ਅੰਤਮ ਬੇਨਤੀ ਸੁਣੀਂ ਨਿਧੜਕ ਵਾਲੀ,
ਰੱਖੀਂ ਪਰਬਤ ਦੇ ਵਾਂਗ ਅਡੋਲ ਮੈਨੂੰ।

(ਬਾਬੂ ਸੰਤਾ ਸਿੰਘ 'ਨਿਧੜਕ' ਦਾ ਇਹ ਸਾਰਾ ਕਲਾਮ ਉਨ੍ਹਾਂ ਵੱਲੋਂ ਅਦਾਲਤ ਵਿਚ ਦਿੱਤੇ ਹੋਏ ਬਿਆਨ ਵਿਚ, ਵੱਖ ਵੱਖ ਹਿੱਸਿਆਂ ਵਿਚ ਦਰਜ ਸੀ। ਛੋਟੇ ਸਿਰਲੇਖ ਮੈਂ ਦਿੱਤੇ ਹਨ।)

Books by Dr. Harjinder Singh Dilgeer

ENGLISH
Akal Takhat Sahib (1980, 1995)
Who are the Sikhs ? (1991)
The Sikhs' Struggle for Sovereignty (1992)
India Kills the Sikhs (1992, 1994)
Essays in Honour of Sirdar Kapur Singh (1992)
Essays in Honour of Professor Harbans Singh (1992)
The Sikh Reference Book (1997)
The Dictionary of Sikh Biography (forthcoming)
The Sikh Chronology (forthcoming)
Japuji Sahib (in press)
The Sikhs and Their Homeland (in press)
Prominent Sikhs of the time of Guru Sahib (forthcoming)
The Sikh Culture (forthcoming)
The Sikh Jurisprudence (forthcoming)

PUNJABI
Shiromani Akali Dal : Ik Itihas (1978)
Kesari Kitab (1984)
Akal Takhat Sahib (1986)
Khalistan Di Twarikh (1988)
Sikh Hijackers (1989)
Kharku Lekh (1990)
Sikh Jujharvaad te Hor Lekh (1991)
Jujharu Kalaam (1992)
Sikh Culture (1991, 1994, 1997)
Akali Lehar Da Kalaam (1997)
Guru Ghar De Lasani Sewadar (forthcoming)
Dunia Nikki Jehi, a travelogue (forthcoming)

HINDI
Emergency ke Atiyachar (1977)

DANISH
Hvem Er Sikherne ? (1994)

DUTCH
Wie Zijn De Sikhs ? (1994)
Dutch (German), Spanish, French, Portuguese, Italian, Japanese, Chinese, Thai, Punjabi, Hindi, Urdu version of **Who are the Sikhs ?** are forthcoming very soon.